R. N. 30775/78

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

# ਨਿਰੀਖਿਅਕ

# NIRIKHIAK

ਸੰਪਾਦਕ : ਦਲੀਪ ਸਿੰਘ ਨਾਮਧਾਰੀ

ARTWAVE/LDH

ਨਾਮਧਾਰੀ ਵਿਦਿਅਕ ਜਥਾ ਲੁਧਿਆਣਾ ।

Sri Satguru Jagjit Singh Ji eLibrary NamdhariElibrary@gmail.com



# *Sri Satguru Jagjit Singh Ji E-library*

Sri Satguru Jagjit Singh Ji E-library has been created with the approval and personal blessings of Sri Satguru Uday Singh Ji. You can easily access the wealth of teaching, learning and research materials on Sri Satguru Jagjit Singh Ji E-library online, which until now have only been available to a handful of scholars and researchers.

This new Sri Satguru Jagjit Singh Ji E-library allows school children, students, researchers and armchair scholars anywhere in the world at any time to study and learn from the original documents.

As well as opening access to our historical pieces of world heritage, digitisation ensures the long-term protection and conservation of these fragile treasures. This is a significant milestone in the development of the Sri Satguru Jagjit Singh Ji E-Library, but it is just a first step on a long road.

Please join with us in this remarkable transformation of the Library. You can share your books, magazines, pamphlets, photos, music, videos etc. This will ensure they are preserved for generations to come. Each item will be fully acknowledged.

## To continue this work, we need your help

Your generous contribution and help will ensure that an ever-growing number of the Library's collections are conserved and digitised, and are made available to students, scholars, and readers the world over. The Sri Satguru Jagjit Singh Ji E-Library collection is growing day by day and some rare and priceless books/magazines/manuscripts and other items have already been digitised.

We would like to thank all the contributors who have kindly provided items from their collections. This is appreciated by us now and many readers in the future.

Contact Details

For further information - please contact

Email: NamdhariElibrary@gmail.com

੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

: 269656
Phones : Office : 275938
Resi. : [illegible]054

# ਟੈਂਟ ਹਾਊਸ ਵਾਲਿਆਂ ਵਾਸਤੇ ਖੁਸ਼ਖਬਰੀ

ਵਧੀਆ, ਦਿਲਕਸ਼ ਵੰਨ ਸੁਵੰਨੇ ਸੁੰਦਰ ਡੀਜ਼ਾਈਨਾਂ ਤੇ ਗਰੰਟੀ ਸ਼ੁਦਾ ਪਕੇ ਰੰਗਾਂ [illegible]

ਟੁਕੜੀਦਾਰ ਪਰਿੰਟ ਸ਼ਾਮਿਆਨੇ, ਕਨਾਤਾਂ ਲਕੜੀ ਤੇ ਸਟੀਲ ਦੇ

ਫਰਨੀਚਰ ਲਈ ਪਧਾਰੋ ਜਾਂ ਲਿਖੋ ।

# ਨਾਮਧਾਰੀ ਏਜੰਸੀਜ਼

੨/੨੦੬੮ ਚਾਹ ਅੰਦਾਰਾ, ਜੁਬਲੀ ਸਿਨਮਾ ਦੇ ਪਿਛੇ

ਚਾਂਦਨੀ ਚੌਂਕ ਦਿਲੀ ੧੧੦੦੦੬.

*Manufacturers & Suppliers of :*

Tukridar Printed Shamianas & Kanats
For all kinds, in Attractive and Guaranteed Fast Colours :
Wooden & Steel Furniture

***Please Contact :***

# *NAMDHRI AGENCIES*

**2/2068 CHAH ANDARA.**
**(Behind Jubilee Cinema)**
**Chandni Chowk DELHI–110006**

Sri Satguru Jagjit Singh Ji Elibrary NamdhariElibrary@gmail.com

# NIRIKHIAK

(Half Yearly)

*Office :*
**The Nirikhiak**
E-25, Focal Point
LUDHIANA-141003

*Editor :*
**Dalip Singh**

Price Rs. 3/- each

Yearly Rs. 6/-


# ਨਿਰੀਖਿਅਕ


ਜਿਲਦ : 1 ਅੰਕ : 2 ੧੬ ਭਾਦਰੋਂ ੨੦੩੫ ਸਿਤੰਬਰ ੭੮


## ਕੀ ਕਿਥੇ?


| | | |
|---|---|---|
| ੧. | ਨਾਮ ਅਤੇ ਮੁਕਤੀ ਦਾਤਾ ਕੇਵਲ ਦੇਹਧਾਰੀ ਸਤਿਗੁਰੂ | ੧ |
| ੨. | "ਜਿਚਰ ਧਰੇ ਨ ਗੁਰ ਅਵਤਾਰਾ" | ੬ |
| ੩. | ਆਵਾਗੌਣ | ੧੦ |
| ੪. | ਧਰਤੀ ਹੋਰ ਪਰੇ ਹੋਰ ਹੋਰ | ੧੬ |
| ੫. | ਗੁਰਮਤ ਅਤੇ ਕਾਲੇ-ਨੀਲੇ ਬਸਤ੍ਰ | ੨੦ |
| ੬. | ਮਹਾਂ ਪੁਰਸ਼ (ਲੜੀਵਾਰ) | ੨੪ |
| ੭. | ਆਗਿਆ ਭਈ ਅਕਾਲ ਕੀ ! | ੨੭ |
| ੮. | ਸਿਖ ਫੈਸ਼ਨ ਪ੍ਰਸਤੀ ਦੇ ਵਹਿਣ ਵਿਚ ਵਹਿ ਕੇ ਬੇਦਾਵਾ ਦੇ ਰਹੇ ਹਨ | ੨੯ |
| ੯. | ਬਾਬਾਣੀਆਂ ਕਹਾਣੀਆਂ | ੩੧ |
| ੧੦. | ਰੋਗ ਅਤੇ ਇਲਾਜ | ੩੪ |
| 1. | There is a Sun | |
| 2. | Menace of Smoking | |
| 3. | Gurbani | |



ਦਲੀਪ ਸਿੰਘ ਨਾਮਧਾਰੀ ਸੰਪਾਦਕ ਪ੍ਰਿੰਟਰਜ਼ ਤੇ ਪਬਲਿਸ਼ਰ ਮਹਿੰਦਰਾ ਆਰਟ ਪ੍ਰੈਸ, ਕਚਿਹਰੀ ਰੋਡ ਤੋਂ ਛਪਵਾ ਕੇ ਦਫਤਰ ਨਿਰੀਖਿਅਕ E-25, ਫੋਕਲ ਪੋਆਇੰਟ ਲੁਧਿਆਣਾ-3 ਤੋਂ ਪ੍ਰਕਾਸ਼ਤ ਕੀਤਾ।



Sri Satguru Jagjit Singh Ji Elibrary NamdhariElibrary@gmail.com

Sri Satguru Jagjit Singh Ji Elibrary NamdhariElibrary@gmail.com

੧ੴ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ ॥

## ਸੰਪਾਦਕੀ :

# ਨਿਰੀਖਿਅਕ

ਨਿਰੀਖਿਅਕ ਦਾ ਦੂਜਾ ਅੰਕ ਛਾਪ ਕੇ ਸਾਨੂੰ ਖੁਸ਼ੀ ਹੋ ਰਹੀ ਹੈ ਕਿ ਅਸੀਂ ਆਪਣੇ ਮੰਤਵ ਵਲ ਅਗੇਰੇ ਵਧਣ ਲਈ ਇਕ ਹੋਰ ਕਦਮ ਅਗੇ ਪੁਟਿਆ ਹੈ। ਪਾਠਕਾਂ ਵਲੋਂ ਆਈਆਂ ਚਿੱਠੀਆਂ ਤੇ ਮਿਲੇ ਪ੍ਰੇਮ ਸੁਨੇਹਿਆਂ ਤੋਂ ਇਸ ਦੀ ਪ੍ਰਸਿੱਧਤਾ ਬਾਰੇ ਸੁਣ ਸੁਣ ਕੇ ਮਨ ਪ੍ਰਸੰਨ ਹੋ ਉਠਿਆ ਹੈ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਦੁਆਰਾ ਇਹ ਤੁਹਾਡਾ ਨਿਰੀਖਿਅਕ ਹਦੋਂ ਵਧ ਪਿਆਰਿਆ ਤੇ ਸਤਿਕਾਰਿਆ ਗਿਆ ਹੈ। ਇਹ ਕੋਈ ਘੱਟ ਮਾਨ ਵਾਲੀ ਗੱਲ ਨਹੀਂ ਕਿ ਇੰਨੇ ਥੋੜੇ ਸਮੇਂ ਵਿਚ ਇਸ ਨੇ ਆਪਣੇ ਪਾਠਕਾਂ ਦਾ ਮਨ ਜਿਤਿਆ ਹੈ ਤੇ ਆਪਣਾ ਘੇਰਾ ਵਧਾਇਆ ਹੈ। ਇਸ ਦਾ ਕਾਰਨ ਇਸ ਵਿਚਲਾ ਮੈਟਰ ਜੋ ਕਿ ਜੀਵਨ ਦੇ ਹਰ ਪੱਖ ਨੂੰ ਛੋਂਹਦਾ ਹੋਇਆ ਚਲਾ ਗਿਆ ਹੈ ਅਤੇ ਫਿਰ ਜਿਵੇਂ ਇਸ ਦਾ ਨਾਂ ਨਿਰੀਖਿਅਕ ਹੈ ਤਿਵੇਂ ਇਸ ਨੇ ਸਿਖੀ ਸਿਧਾਂਤ ਵਿਚਲੀ ਅਸਲੀਅਤ ਨਿਧੜਕ ਤੇ ਬੇ-ਖ਼ੌਫ ਹੋ ਕੇ ਦਸਣ ਵਿਚ ਵਿਸ਼ੇਸ਼ ਅਸਥਾਨ ਪ੍ਰਾਪਤ ਕੀਤਾ ਹੈ। ਅਸੀਂ ਗੌਰਵ ਨਾਲ ਇਹ ਕਹਿ ਸਕਦੇ ਹਾਂ ਜੋ ਪੱਖ ਇਸ ਵਿਚ ਪੇਸ਼ ਕੀਤੇ ਜਾ ਸਕਦੇ ਹਨ ਉਹਨਾਂ ਦੀ ਸਚਾਈ ਅਕੱਟ ਹੈ।

ਨਿਰੀਖਿਅਕ ਨੂੰ ਅਸੀਂ ਹੋਰ ਵੀ ਚੰਗੇਰਾ ਬਨਾਉਣਾ ਲੋਚਦੇ ਹਾਂ ਅਤੇ ਇਹ ਸਭ ਕੁਝ ਆਪ ਦੇ ਸਹਿਯੋਗ

Sri Satguru Jagjit Singh Ji Elibrary NamdhariElibrary@gmail.com

ਨਾਲ ਹੀ ਹੋ ਸਕਦਾ ਹੈ। ਤੁਸੀਂ ਨਿਰੀਖਿਅਕ ਨੂੰ ਸੰਪੂਰਨ ਸਹਿਯੋਗ ਦਿਓ ਇਹ ਤੁਸਾਂ ਨੂੰ ਆਪਣਾ ਆਪ ਪੇਸ਼ ਕਰੇਗਾ ਜਿਸ ਤੇ ਤੁਸੀਂ ਗੌਰਵ ਕਰ ਸਕੋਗੇ।

ਪਾਠਕਾਂ ਦੀ ਮੰਗ ਅਨੁਸਾਰ ਅਸੀਂ ਛਿਮਾਹੀ ਤੋਂ ਤਿਮਾਹੀ ਕਰਨ ਵਲ ਤੁਰਨ ਦਾ ਇਰਾਦਾ ਕਰ ਲਿਆ ਹੈ ਅਤੇ ਫਿਰ ਅਖੀਰ ਇਸ ਨੂੰ ਮਾਸਕ ਪੱਤਰ ਬਨਾਉਣਾ ਹੈ। ਅਤੇ ਪੂਰਨ ਆਸ ਕਰਦੇ ਹਾਂ ਕਿ ਇਸ ਸ਼ੁਭ ਕਾਰਜ ਲਈ ਤੁਸੀਂ ਹਰ ਪ੍ਰਕਾਰ ਨਾਲ ਸਾਡੀ ਸਹਾਇਤਾ ਕਰਦੇ ਰਹੋਗੇ।

ਸ੍ਰੀ ਸਤਿਗੁਰੂ ਜੀ ਦੀ ਅਸ਼ੀਰਵਾਦ ਨਾਲ ਤੁਹਾਡਾ ਨਿਰੀਖਿਅਕ ਦਿਨ ਦੂਗਣੀ ਤੇ ਰਾਤ ਚੌਗੁਣੀ ਤਰੱਕੀ ਕਰਦਾ ਵਧਦਾ ਜਾਏ, ਇਹੀ ਸਾਡੀ ਅਰਦਾਸ ਹੈ।

—ਦਲੀਪ ਸਿੰਘ ਨਾਮਧਾਰੀ

Sri Satguru Jagjit Singh Ji Elibrary NamdhariElibrary@gmail.com

# ਨਾਮ ਅਤੇ ਮੁਕਤੀ ਦਾਤਾ

### ਕੇਵਲ

# ਦੇਹਧਾਰੀ ਸਤਿਗੁਰੂ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਭਾਰਤੀ ਪ੍ਰੰਪਰਾ ਅਨੁਸਾਰ ਜੁਗਾਂ ਤੋਂ ਚਲੀ ਆ ਰਹੀ ਇਹ ਮਰਯਾਦਾ ਅਟੱਲ ਹੈ ਕਿ ਹਰ ਪ੍ਰਾਣੀ ਮਾਤ੍ਰ ਦੀ ਕਲਯਾਨ ਦਾ ਸਾਧਨ ਕੇਵਲ ਸਤਿਗੁਰੂ ਹੀ ਹੈ। ਭਾਵੇਂ ਇਸ ਜਗਤ ਵਿਚ ਸਾਧੂ ਮਹਾਤਮਾ ਸਦਾ ਹੀ ਰਹਿੰਦੇ ਹਨ ਅਤੇ ਰਹਿ ਰਹੇ ਹਨ ਜਿਨ੍ਹਾਂ ਰਾਹੀਂ ਅਨੇਕਾਂ ਪੁਰਸ਼ ਪ੍ਰਮੇਸ਼ਰ ਦਾ ਨਾਮ ਲੈ ਕੇ ਸੰਸਾਰ ਦੇ ਆਵਾਗਉਣ ਤੋਂ ਛੁਟਕਾਰਾ ਪਾਉਂਦੇ ਹਨ। ਇਨ੍ਹਾਂ ਸੰਤਾਂ ਮਹਾਤਮਾਂ ਨੂੰ 'ਨਿਤ ਅਵਤਾਰ' ਮੰਨਿਆ ਗਿਆ ਹੈ। ਪਰ ਸੰਸਾਰ ਵਿਚ ਪਰਿਵਰਤਨ ਆਉਣਾ ਵੀ ਇਸਦੀ ਇਕ ਮਰਯਾਦਾ ਹੈ। ਅਤੇ ਪਰਿਵਰਤਨ ਕਾਰਣ ਕਈ ਵੇਰ ਸਾਧੂ ਮਹਾਤਮਾ ਇਨੇ ਥੋੜੇ ਰਹਿ ਜਾਂਦੇ ਹਨ ਜਾਂ ਉਹ ਦੁਰਬਲ ਹੋ ਜਾਂਦੇ ਹਨ, ਜਿਸ ਤੋਂ ਇਸ ਤਰਾਂ ਦਾ ਵਾਤਾਵਰਣ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਕੋਈ ਸਾਧੂ ਦੁਨੀਆਂ ਤੇ ਰਿਹਾ ਹੀ ਨਹੀਂ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਵੇਲੇ ਵੀ ਇਕ ਵਾਰੀ ਇਓਂ ਹੀ ਪ੍ਰਤੀਤ ਹੋਇਆ ਸੀ ਜਿਸ ਨੂੰ ਭਾਈ ਗੁਰਦਾਸ ਜੀ ਨੇ ਲਿਖਿਆ ਹੈ—

ਥੰਮੇ ਕੋਇ ਨਾ ਸਾਧ ਬਿਨ
ਸਾਧ ਨ ਦਿਸੈ ਜਗ ਵਿਚ ਕੋਆ॥

ਐਸੀ ਸਥਿਤੀ ਉਤਪੰਨ ਹੋਣ ਤੇ ਪ੍ਰਮੇਸ਼ਰ ਮਨੁਖ ਰੂਪ 'ਚ ਪ੍ਰਗਟ ਹੋ ਕੇ ਸੰਸਾਰੀ ਜੀਵਾਂ ਨੂੰ ਦੁਰਗਤੀ ਤੋਂ ਬਚਾਉਂਦਾ ਹੈ ਅਤੇ ਸਦਗਤੀ ਪ੍ਰਦਾਣ ਕਰਦਾ ਹੈ। ਉਸਦੀ ਆਪਣੀ ਹੀ ਬਣਾਈ ਹੋਈ ਮਰਯਾਦਾ ਹੈ ਕਿ ਸਭ ਤਰ੍ਹਾਂ ਦੀ ਸਮਰਥਾ ਰਖਦਾ ਹੋਇਆ ਵੀ ਉਹ ਦੇਹਧਾਰ ਕੇ ਹੀ ਇਸ ਸੰਸਾਰ ਵਿਚ ਆਉਂਦਾ ਹੈ ਅਤੇ ਜੀਵਾਂ ਦਾ ਉਧਾਰ ਕਰਦਾ ਹੈ।

ਸੰਸਾਰ ਤੇ ਉਪਦ੍ਰਵ, ਅਨਯਾਇ ਅਧਰਮ ਆਦਿ ਨੂੰ ਰੋਕਣ ਵਾਸਤੇ ਜਦੋਂ ਪ੍ਰਮੇਸ਼ਰ ਦਾ ਅਵਤਾਰ ਹੁੰਦਾ ਹੈ ਤਾਂ ਉਸਨੂੰ 'ਨਮਿਤ ਅਵਤਾਰ' ਮੰਨਿਆ ਗਿਆ ਹੈ। ਪ੍ਰਮੇਸ਼ਰ ਦਾ ਇਹ 'ਨਮਿਤ ਅਵਤਾਰ' ਮਨੁਖ ਰੂਪ ਵਿਚ ਹੁੰਦਾ ਹੈ ਅਤੇ ਸਾਰੇ ਕਰਤਵਯ, ਹਸਣਾ, ਰੋਣਾ, ਖਾਣਾ ਪੀਣਾ ਆਦਿ ਮਨੁਖਾਂ ਵਾਲੇ ਹੀ ਕਰਦਾ ਹੈ। ਭਾਈ ਗੁਰਦਾਸ ਜੀ ਲਿਖਦੇ ਹਨ—

ਰਾਮਚੰਦੁ ਕਾਰਣ ਕਰਣ
ਕਾਰਣ ਵਸਿ ਹੋਆ ਦੇਹਿਧਾਰੀ।
ਮੰਨਿ ਮਤੇਈ ਆਗਿਆ,
ਲੈ ਵਣਵਾਸ ਵਡਾਈ ਚਾੜੀ।
ਪਰਸਰਾਮ ਦਾ ਬਲੁ ਹਰੈ,



Sri Satguru Jagjit Singh Ji Elibrary NamdhariElibrary@gmail.com

ਦੀਨ ਦਇਆਲੁ ਗਰਬ ਪਰਹਾਰੀ ।
ਸੀਤਾ ਲਖਮਣ ਸੇਵ ਕਰਿ,
ਜਤੀ ਸਤੀ ਸੇਵਾ ਹਿਤਕਾਰੀ ।
ਰਾਮਾਇਣੁ ਵਰਤਾਇਆ,
ਰਾਮ ਰਾਜੁ ਕਰਿ ਸ੍ਰਿਸਟਿ ਉਧਾਰੀ ।
ਮਰਣੁ ਮੁਣਸਾ ਸਚੁ ਹੈ,
ਸਾਧ ਸੰਗਤਿ ਮਿਲਿ ਪੈਜ ਸਵਾਰੀ ।
ਭਲਿਆਈ ਸਤਿਗੁਰ ਮਤਿ ਸਾਰੀ ।
(ਵਾਰ ੬੧ ਪਉੜੀ ੩੦)

ਸਮਰਥ ਹੁੰਦਿਆਂ ਵੀ ਉਹ ਆਪਣੇ ਬਣਾਏ ਹੋਏ ਕਾਰਣ ਦੇ ਆਪਣੇ ਆਪ ਨੂੰ ਅਧੀਨ ਕਰਦਾ ਹੈ । ਜਿਵੇਂ ਰਾਮ ਚੰਦ੍ਰ ਜੀ ਦੇ ਰੂਪ ਵਿਚ ਕਰਕੇ ਵਿਖਾਇਆ । ਇਸੇ ਕਰਕੇ ਤੁਲਸੀ ਦਾਸ ਜੀ ਨੇ ਰਾਮਾਯਣ ਦਾ ਨਾਮ 'ਰਾਮ ਚਰਿਤ੍ਰ ਮਾਨਸ' ਲਿਖਿਆ ਹੈ । ਯਾਨੀ ਪਰਮੇਸ਼ਰ ਦੇ ਮਨੁਖਾਂ ਵਾਲੇ ਕਰਤੱਵਯ ।

ਭਗਵਾਨ ਰਾਮ ਚੰਦ੍ਰ ਜੀ ਦੇ ਇਤਿਹਾਸ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਰਾਕਸ਼ਾਂ ਦਾ ਪ੍ਰਭਾਵ ਏਨਾ ਵਧ ਗਿਆ ਸੀ ਕਿ ਉਹ ਯਗਯ ਆਦਿ ਸੁਕ੍ਰਿਤ ਕਰਮ ਨਹੀਂ ਸਨ ਕਰਨ ਦਿੰਦੇ । ਜਿਥੇ ਕੋਈ ਐਸਾ ਕਰਦਾ ਸੀ ਓਥੇ ਉਹ ਵਿਘਣ ਪਾਉਂਦੇ ਸਨ । ਵੇਦ ਆਦਿਕ ਧਰਮ ਪੁਸਤਕ ਅਤੇ ਅਨੇਕਾਂ ਤੀਰਥ ਵੀ ਮੌਜੂਦ ਸਨ ਪਰ ਓਨਾਂ ਵਿਚ ਇਹ ਸਮ੍ਰਥਾ ਨਹੀਂ ਸੀ ਕਿ ਉਹ ਯਗਯ ਆਦਿਕ ਸੁਕ੍ਰਿਤ ਕਰਮਾਂ ਨੂੰ ਵਿਘਨ ਕਾਰੀਆਂ ਤੋਂ ਬਚਾ ਸਕਣ । ਭਗਵਾਨ ਰਾਮ ਦੀ ਦੇਹ ਤਾਂ ਆਮ ਮਨੁੱਖਾਂ ਵਰਗੀ ਹੀ ਸੀ ਪਰ ਪ੍ਰਮੇਸ਼੍ਵਰੀ ਜੋਤ ਹੋਣ ਕਰਕੇ ਉਨ੍ਹਾਂ ਦੀ ਇਹ ਵਿਸ਼ੇਸ਼ਤਾ ਸੀ ਕਿ ਬਾਲ ਅਵਸਥਾ ਵਿਚ ਉਨ੍ਹਾਂ 'ਤਾੜਕਾ' ਨਾਮ ਦੀ ਰਾਕਸ਼ਣੀ (ਜਿਸ ਨੂੰ ਬ੍ਰਹਮਾ ਨੇ ੧੦੦੦ ਹਾਥੀ ਦੇ ਬਲ ਹੋਣ ਦਾ ਵਰ ਦਿਤਾ ਸੀ) ਨੂੰ ਮਾਰਕੇ ਯਗਯ ਨੂੰ ਵਿਘਨ ਪੈਣ ਤੋਂ ਬਚਾਇਆ ।

ਭਗਵਾਨ ਕ੍ਰਿਸ਼ਨ ਦੇ ਇਸੇ ਤਰ੍ਹਾਂ ਦੇ ਕਿਤਨੇ ਹੀ ਚਰਿਤ੍ਰ ਹਨ । ਜਿਨ੍ਹਾਂ ਦੀ ਪੁਸ਼ਟੀ ਦਸਮ ਗ੍ਰੰਥ ਵਿਚੋਂ ਮਿਲਦੀ ਹੈ । ਕ੍ਰਿਸ਼ਨ ਜੀ ਜਦੋਂ ਮਥਰਾ ਗਏ ਤਾਂ ਕੰਸ ਨੇ ਉਨ੍ਹਾਂ ਨੂੰ ਮਾਰ ਦੇਣ ਲਈ ਕਈ ਉਪਾਉ ਕੀਤੇ ਉਨ੍ਹਾਂ ਵਿਚੋਂ ਇਕ 'ਕੁਵਲੀਆ ਪੀੜ' ਹਾਥੀ ਨੂੰ ਉਨ੍ਹਾਂ ਨਾਲ ਲੜਾਉਣ ਦਾ ਸੀ । ਉਸਨੇ ਇਹ ਸੋਚਕੇ ਕਿ ਇਹ ਹਾਥੀ ਇਨ੍ਹਾਂ ਨੂੰ ਮਾਰ ਦੇਵੇਗਾ, ਭਗਵਾਨ ਕ੍ਰਿਸ਼ਨ ਦੇ ਉਤੇ ਇਸ ਨੂੰ ਛਡ ਦਿਤਾ । ਭਗਵਾਣ ਨੇ ਇਸ ਦੇ ਦੋਵੇਂ ਦੰਦ ਉਖੇੜ ਕੇ ਓਨ੍ਹਾਂ ਨਾਲ ਹੀ ਇਸ ਨੂੰ ਮਾਰ ਦਿਤਾ । ਦਸਮ ਪਾਤਸ਼ਾਹ ਲਿਖਦੇ ਹਨ—

ਕੋਪੁ ਕਰਯੋ ਮਨ ਮੈ ਹਰਿ ਜੂ,
ਤਿਹ ਕੋ ਤਬ ਦਾਂਤ ਉਖਾਰ ਲਯੋ ਹੈ ।
ਏਕ ਦਈ ਗਜ ਸੁੰਡ ਬਿਖੈ,
ਕੁਪਿ ਦੂਸਰ ਸੀਸ ਕੇ ਬੀਚ ਦਯੋ ਹੈ ।
ਚੋਟ ਲਗੈ ਸਿਰ ਬੀਚ ਘਨੀ,
ਧਰਨੀ ਪਰ ਸੋ ਮੁਰਝਾਇ ਪਯੋ ਹੈ ।
ਸੋ ਮਰਗਯੋ ਰਿਪਕੋ ਬਧ ਕੋ,
ਮਥਰਾ ਕੇ ਕੋ ਆਗਮ ਆਜ ਭਯੋ ਹੈ ॥੮੪੭॥
(ਕ੍ਰਿਸ਼ਨ ਅਵਤਾਰ-ਸ੍ਰੀ ਦਸਮ ਗ੍ਰੰਥ)

ਇਸ ਘਟਨਾਂ ਦੀ ਪੁਸ਼ਟੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਵੀ ਮਿਲਦੀ ਹੈ । ਸ੍ਰੀ ਗੁਰੂ ਰਾਮਦਾਸ ਜੀ ਲਿਖਦੇ ਹਨ—

ਆਪੇ ਸਾਵਲ ਸੁੰਦਰਾ ਪਿਆਰਾ,
ਆਪੇ ਵੰਸੁ ਵਜਾਹਾ ।
ਕੁਵਲੀਆ ਪੀੜ ਆਪ ਮਰਾਇਦਾ,
ਪਿਆਰਾ ਕਰਿ ਬਾਲਕ ਰੂਪ ਪਚਾਹਾ ।
(ਸੋਰਠਿ ਮਹਲਾ ੪—ਪੰਨਾ ੬੦੬)

ਭਗਵਾਨ ਕ੍ਰਿਸ਼ਨ ਦੀ ਵੀ ਬਾਲ ਅਵਸਥਾ ਸੀ ਉਹ ਬਾਲਕਾਂ ਵਾਲੀਆਂ ਕਈ ਖੇਡਾਂ ਵੀ ਕਰਦੇ ਰਹੇ । ਪਰ ਇਸ ਘਟਨਾਂ ਵਿਚ ਜੋ ਇਤਨਾ ਬਲ ਦਰਸਾਇਆ ਗਿਆ ਹੈ ਇਹ ਉਨ੍ਹਾਂ ਦੇ ਈਸ਼੍ਵਰੀ ਜੋਤ ਹੋਣ ਦਾ ਹੀ ਪ੍ਰਤੀਕ ਹੈ ।

ਵੇਦਾਂ ਦੀ ਰਚਨਾਂ ਕਿਹੜੇ ਸਾਲ ਵਿਚ ਹੋਈ ਹੈ ਇਹ ਕੋਈ ਨਹੀਂ ਜਾਣਦਾ ਅਨੇਕਾਂ ਤੀਰਥ ਹਨ ਪਰ ਪ੍ਰਸਿਧ ੬੮ ਹਨ । ਇਹ ਵੀ ਅਨਜਾਣੇ ਸਮੇਂ ਤੋਂ ਹੋਂਦ


Sri Satguru Jagjit Singh Ji Elibrary NamdhariElibrary@gmail.com

ਵਿਚ ਆਏ ਅਤੇ ਇਨ੍ਹਾਂ ਦੀ ਮਾਨਤਾ ਵੀ ਓਦੋਂ ਦੀ ਚਲੀ ਆ ਰਹੀ ਹੈ। ਇਹ ਸਭ ਕੁਛ ਹੁੰਦਿਆਂ ਵੀ ਸਮੇਂ ਦੀਆਂ ਲੋੜਾਂ ਅਨੁਸਾਰ ਅਕਾਲ ਪੁਰਖ ਨੇ ਆਪਣੇ ਸਰੂਪ ਧਾਰ ਧਾਰ ਕੇ ਜੀਵਾਂ ਨੂੰ ਨਾਮ ਦਾਨ ਅਤੇ ਮੁਕਤੀ ਦਾਨ ਦਿਤਾ ਇਸ ਦੀ ਗਵਾਹੀ ਵੇਦਾਂ ਸ਼ਾਸਤ੍ਰਾਂ ਆਦਿ ਅਤੇ ਦਸਮ ਸ੍ਰੀ ਗ੍ਰੰਥ ਸਾਹਿਬ ਵਿਚੋਂ ਮਿਲਦੀ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਸਤਿਜੁਗ ਤ੍ਰੇਤਾ ਦੁਆਪੁਰ ਅਤੇ ਕਲਿਜੁਗ, ਜੁਗਾਂ ਦੇ ਕ੍ਰਮ ਅਨੁਸਾਰ ਬਲ, ਰਾਮ ਕ੍ਰਿਸ਼ਨ ਅਵਤਾਰ ਅਤੇ ਕਲਿਜੁਗ ਵਿਚ ਸ੍ਰੀ ਗੁਰੂ ਨਾਨਕ ਅਵਤਾਰ ਦਾ ਹੋਣਾ ਮੰਨਿਆ ਹੈ ਅਤੇ ਸ੍ਰੀ ਗੁਰੂ ਨਾਨਕ ਜੀ ਦੀ ਗਦੀ ਸਦਾ ਚਲਦੀ ਰਹਿਣ ਬਾਰੇ ਆਦਿ ਪੁਰਖ (ਅਕਾਲ ਪੁਰਖ) ਦਾ ਵਾਕ ਭੱਟਾਂ ਨੇ ਲਿਖਿਆ ਹੈ।

ਸ੍ਰੀ ਗੁਰੂ ਰਾਮਦਾਸ ਜੀ ਨੇ ਵੀ ਦੇਹਧਾਰੀ ਸਤਿ-ਗੁਰੂ ਦੀ ਪੀੜ੍ਹੀ ਚਲਦੀ ਰਹਿਣ ਬਾਰੇ ਸਪਸ਼ਟ ਲਿਖਿਆ ਹੈ—

ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ,
ਸਦ ਪੀੜ੍ਹੀ ਗੁਰੂ ਚਲੰਦੀ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੂਜਰੀ ਰਾਗ ਵਿਚ ਫਰਮਾਇਆ ਹੈ—

ਅਬਚਲ ਨੀਵ ਧਰੀ ਗੁਰ ਨਾਨਕ,
ਨਿਤ ਨਿਤ ਚੜ੍ਹੈ ਸਵਾਈ।

ਸਤਿਗੁਰੂ ਦੀ ਪੀੜ੍ਹੀ ਸਦਾ ਚਲਦੀ ਰਹਿਣ ਦੀ ਲੋੜ ਇਸ ਕਰਕੇ ਹੈ ਕਿ ਜੀਵਾਂ ਤੋਂ ਗੁਨਾਹ ਹੁੰਦੇ ਰਹਿੰਦੇ ਹਨ। ਜੇ ਕੋਈ ਇਕ ਸਤਿਗੁਰੂ ਦੇ ਸਮੇਂ ਕਿਸੇ ਕਾਰਣ ਬਖਸ਼ੇ ਨਹੀਂ ਗਏ ਤਾਂ ਉਸ ਗਦੀ ਤੇ ਬਿਰਾਜ ਮਾਨ ਹੋਏ ਅਗਲੇ ਸਤਿਗੁਰੂ ਨੇ ਉਨ੍ਹਾਂ ਤੇ ਕਿਰਪਾ ਕਰ ਦਿਤੀ। ਇਸ ਦੀ ਸ਼ਹਾਦਤ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਹੀ ਮਿਲਦੀ ਹੈ—

ਗੁਰਿ ਬਾਬੈ ਫਿਟਕੇ ਸੇਫਿਟੇ,
ਗੁਰਿ ਅੰਗਦਿ ਕੀਤੇ ਕੂੜਿਆਰੇ।
ਗੁਰਿ ਤੀਜੀ ਪੀੜ੍ਹੀ ਵੀਚਾਰਿਆ,
ਕਿਆ ਹਥਿ ਏਨਾ ਵੇਚਾਰੇ।
ਗੁਰੁ ਚਉਥੀ ਪੀੜ੍ਹੀ ਟਿਕਿਆ,
ਤਿਨਿ ਨਿੰਦਕ ਦੁਸਟ ਸਭਿ ਤਾਰੇ।

(ਗਉੜੀ ਕੀ ਵਾਰ ਮਹਲਾ ੪-ਪੰਨਾ ੩੦੭)

ਸਤਿਗੁਰੂ ਦੀ ਪੀੜ੍ਹੀ ਸਦਾ ਚਲਦੀ ਹੈ ਇਸ ਸਿਧਾਂਤ ਦੀ ਪੁਸ਼ਟੀ ਕਿਤਨੇ ਸਰਲ ਸ਼ਬਦਾਂ ਵਿਚ ਅੰਕਿਤ ਕੀਤੀ ਗਈ ਹੈ।

ਪਿਛਲੇ ਜੁਗਾਂ ਵਿਚ ਭਾਵੇਂ ਨਾਮ ਜਪਿਆ ਜਾਂਦਾ ਸੀ ਪਰ ਹੋਰ ਕਰਮ ਵੀ ਜ਼ਰੂਰੀ ਕੀਤੇ ਜਾਂਦੇ ਸਨ। ਉਨ੍ਹਾਂ ਜੁਗਾਂ ਵਿਚ ਉਨ੍ਹਾਂ ਕਰਮਾਂ ਦੀ ਪ੍ਰਧਾਨਤਾ ਸੀ। ਪਰ ਕਲਿਜੁਗ ਵਿਚ ਨਾਮ ਜਪਣਾ ਸਭ ਤੋਂ ਸ੍ਰੇਸ਼ਟ ਹੈ।

ਆਦਿ ਸ੍ਰੀ ਗ੍ਰੰਥ ਸਾਹਿਬ ਜੁਗਾਂ ਦੇ ਕਰਮਾਂ ਦੀ ਵੰਡ ਕਰਦਿਆਂ ਗਉੜੀ ਰਾਗ ਵਿਚ ਰਵਿਦਾਸ ਜੀ ਨੇ ਲਿਖਿਆ ਹੈ—

ਸਤਿਜੁਗਿ ਸਤੁ ਤੇਤਾ ਜਗੀ,
ਦੁਆਪਰਿ ਪੂਜਾ ਚਾਰ।
ਤੀਨੌ ਜੁਗ ਤੀਨੌ ਦਿੜੇ,
ਕਲਿ ਕੇਵਲ ਨਾਮ ਅਧਾਰ।

(ਪੰਨਾ ੩੪੬)

ਇਸੇ ਸਿਧਾਂਤ ਦੀ ਪੁਸ਼ਟੀ ਭਾਈ ਗੁਰਦਾਸ ਜੀ ਇਨ੍ਹਾਂ ਸ਼ਬਦਾਂ ਦੁਆਰਾ ਕਰਦੇ ਹਨ—

ਸਤਿਜੁਗ ਸਤਿ ਤ੍ਰੇਤੈ ਜਗਾ,
ਦੁਆਪੁਰਿ ਪੂਜਾ ਬਹਲੀ ਘਾਲਾ।
ਕਲਿਜੁਗਿ ਗੁਰਮੁਖਿ ਨਾਉ ਲੈ,
ਪਾਰਿ ਪਵੈ ਭਵਜਲ ਭਰਨਾਲਾ।

(ਵਾਰ ੨੬ ਪਉੜੀ ੮)

ਸ੍ਰੀ ਗੁਰੂ ਤੇਗ਼ ਬਹਾਦਰ ਜੀ ਸੋਰਠ ਵਿਚ ਫੁਰਮਾਉਂਦੇ ਹਨ—

ਕਲ ਮੈ ਏਕੁ ਨਾਮੁ ਕਿਰਪਾ ਨਿਧਿ,
ਜਾਹਿ ਜਪੈ ਗਤਿ ਪਾਵੈ।

(ਪੰਨਾ ੬੩੨)

ਪ੍ਰਸ਼ਨ ਇਹ ਹੈ ਕਿ ਜਿਸ ਨਾਮ ਨਾਲ ਇਸ



Sri Satguru Jagjit Singh Ji Elibrary NamdhariElibrary@gmail.com

ਕਲਿਜੁਗ ਵਿਚ ਕਲਿਆਣ ਹੋਣੀ ਹੈ ਉਹ ਮਿਲਦਾ ਕਿਥੋਂ ਹੈ ? ਭਾਵੇਂ ਹੋਰ ਕਈ ਮਤ ਇਸੇ ਵੀਚਾਰ ਧਾਰਾ ਵਾਲੇ ਹਨ ਪਰ ਇਥੇ ਆਦਿ ਸ੍ਰੀ ਗ੍ਰੰਥ ਸਾਹਿਬ ਵਿਚੋਂ ਹੀ ਉਦਾਹਰਣ ਦਿਤੇ ਜਾਂਦੇ ਹਨ ਕਿ ਨਾਮ ਦੀ ਪ੍ਰਾਪਤੀ ਕੇਵਲ ਦੇਹਧਾਰੀ ਸਤਿਗੁਰੂ ਪਾਸੋਂ ਹੀ ਹੋ ਸਕਦੀ ਹੈ ਅਤੇ ਅਗਿਆਨ ਨਾਸਕ ਵੀ ਦੇਹਧਾਰੀ ਸਤਿਗੁਰੂ ਹੀ ਹੈ।

ਅਜਕਲ ਸਤਿਗੁਰੂ ਸ਼ਬਦ ਕਈ ਆਦਿ ਸ੍ਰੀ ਗ੍ਰੰਥ ਸਾਹਿਬ ਵਾਸਤੇ ਵਰਤਣ ਲਗ ਪਏ ਹਨ ਜੋ ਕਿ ਭਾਰੀ ਭੁਲ ਹੈ। ਸਤਿਗੁਰ. ਜਾਂ ਗੁਰੂ ਸ਼ਬਦ ਦੀ ਵਿਆਖਿਆ ਦੇਹਧਾਰੀ ਤੇ ਹੀ ਘਟਦੀ ਹੈ। ਜਿਨ੍ਹਾਂ ਸਤਿਗੁਰਾਂ ਦੀ ਬਾਣੀ ਆਦਿ ਸ੍ਰੀ ਗ੍ਰੰਥ ਸਾਹਿਬ ਵਿਚ ਹੈ ਉਨ੍ਹਾਂ ਦੇ ਵੇਲੇ ਦੇਹਧਾਰੀ ਸਤਿਗੁਰੂ ਤੋਂ ਬਿਨਾਂ ਹੋਰ ਕਿਸੇ ਤਰ੍ਹਾਂ ਦੇ ਸਤਿਗੁਰੂ ਦੀ ਵੀਚਾਰ ਦੀ ਉਪਜ ਹੀ ਨਹੀਂ ਸੀ। ਬਲਕਿ ਆਦਿ ਸ੍ਰੀ ਗਰੰਥ ਸਾਹਿਬ ਵਿਚੋਂ ਇਹ ਸੰਕੇਤ ਮਿਲਦਾ ਹੈ ਜੋ ਕੋਈ ਵਸਤੂ ਜੀਵਾਤਮਾਂ ਰਹਿਤ ਹੈ, (ਉਹ ਗਰੰਥ ਸਾਹਿਬ ਹੋਵੇ ਜਾਂ ਕੁਛ ਹੋਰ) ਉਸਦੀ ਪੂਜਾ ਕਰਨੀ ਨਿਸਫਲ ਹੈ। ਅਤੇ ਨਾਲ ਹੀ ਲਿਖਿਆ ਹੈ ਕਿ ਸਤਿਗੁਰੂ ਬੋਲਣ ਵਾਲਾ ਹੈ ਉਹ ਅੰਮ੍ਰਿਤ ਬਚਨ ਸੁਣਾਉਂਦਾ ਹੈ—

ਭਰਮਿ ਭੂਲੇ ਅਗਿਆਨੀ ਅੰਧੁਲੇ,
ਭ੍ਰਮਿ ਭ੍ਰਮਿ ਫੂਲ ਤੋਰਾਵੈ।
ਨਿਰਜੀਉ ਪੂਜਹਿ ਮੜ੍ਹਾ ਸਰੇਵਹਿ,
ਸਭ ਬਿਰਥੀ ਘਾਲ ਗਵਾਵੈ।
ਬ੍ਰਹਮ ਬਿੰਦੇ ਸੋ ਸਤਿਗੁਰ ਕਹੀਐ
ਹਰਿ ਹਰਿ ਕਥਾ ਸੁਣਾਵੈ
ਤਿਸੁ ਗੁਰ ਕਉ ਛਾਦਨ ਭੋਜਨ ਪਾਟ ਪਟੰਬਰ,
ਬਹੁ ਬਿਧਿ ਸਤਿ ਕਰਿ ਮੁਖ ਸੰਚਹੁ,
ਤਿਸੁ ਪੁੰਨ ਕੀ ਫਿਰਿ ਤੋਟਿ ਨ ਆਵੈ।
ਸਤਿਗੁਰ ਦੇਉ ਪਰਤਖਿ ਹਰਿ ਮੂਰਤਿ
ਜੋ ਅੰਮ੍ਰਿਤ ਬਚਨ ਸੁਣਾਵੈ।

(ਮਲਾਰ ਮਹਲਾ ੪ ਪੰਨਾ ੧੨੬੪)

ਸੋ ਦੇਹਧਾਰੀ ਤੋਂ ਬਿਨਾਂ ਕਿਸੇ ਬੇ-ਜਾਨ ਵਸਤੂ ਨੂੰ ਸਤਿਗੁਰੂ ਕਲਪਣਾ ਅਗਿਆਨਤਾ ਹੈ ਅਤੇ ਆਦਿ ਸ੍ਰੀ ਗਰੰਥ ਸਾਹਿਬ ਵਿਚ ਅੰਕਿਤ ਸਾਰੇ ਸਤਿਗੁਰਾਂ ਦੀ ਬਾਣੀ ਦੀ ਉਲੰਘਣਾ ਹੈ। ਸੋ ਨਾਮ ਦਾਤਾ ਦੇਹਧਾਰੀ ਸਤਿਗੁਰੂ ਹੀ ਹੈ ਅਤੇ ਮਨ ਦਾ ਅਗਿਆਨ ਵੀ ਉਹੋ ਹੀ ਨਾਸ ਕਰਨ ਯੋਗ ਹੈ। ਇਸ ਸੰਬੰਧ ਵਿਚ ਆਦਿ ਸ੍ਰੀ ਗਰੰਥ ਵਿਚੋਂ ਨਿਮਨ ਲਿਖਿਤ ਪ੍ਰਮਾਣ ਅੰਕਿਤ ਕੀਤੇ ਜਾਂਦੇ ਹਨ।

ਬਿਨੁ ਸਤਿਗੁਰ ਨਾਉ ਨ ਪਾਈਐ,
ਬਿਨੁ ਨਾਵੈ ਕਿਆ ਸੁਆਉ।

(ਸ੍ਰੀ ਰਾਗ ਮਹਲਾ ੧—ਪੰਨਾ ੫੮)

ਬਿਨੁ ਸਤਿਗੁਰ ਨਾਮੁ ਨ ਪਾਈਐ ਭਾਈ
ਬਿਨੁ ਨਾਮੈ ਭਰਮ ਨ ਜਾਈ।

(ਸੋਰਠਿ ਮਹਲਾ ੧ ਪੰਨਾ ੬੩੫)

ਗੁਰ ਕੁੰਜੀ ਪਾਹੂ ਨਿਵਲ ਮਨਿ ਕੋਠਾ ਤਨ ਛਤ।
ਨਾਨਕ ਗੁਰ ਬਿਨੁ ਮਨ ਕਾ ਤਾਕ ਨ
ਉਘੜੈ ਅਵਰ ਨਾ ਕੁੰਜੀ ਹਥ।

(ਸਾਰੰਗ ਵਾਰ ਮਹਲਾ ੨—ਪੰਨਾ ੧੨੩ )

ਬਿਨੁ ਸਤਿਗੁਰ ਦਾਤਾ ਕੋ ਨਹੀ
ਜੋ ਹਰਿ ਨਾਮੁ ਦੇਇ ਆਧਾਰੁ

(ਸਲੋਕ ਵਾਰਾਂ ਤੇ ਵਧੀਕ ਮਹਲਾ ੩-
ਪੰਨਾ ੧੪੨੭)

ਬਿਨੁ ਸਤਿਗੁਰ ਹਰਿ ਨਾਮੁ ਨ ਲਭਈ
ਲਖ ਕੋਟੀ ਕਰਮ ਕਮਾਉ

(ਸ੍ਰੀ ਰਾਗ ਮਹਲਾ ੪-ਪੰਨਾ ੪੦)

ਬਿਨੁ ਗੁਰ ਦੀਖਿਆ ਕੈਸੇ ਗਿਆਨੁ।

(ਮਲਾਰ ਮਹਲਾ ੫-ਪੰਨਾ ੧੧੪੦)

ਨਾਰਦ ਕਹਤ ਸੁਨਤ ਧ੍ਰੂਅ ਬਾਰਿਕ
ਭਜਨ ਮਾਹਿ ਲਪਟਾਨੋ।

(ਬਿਲਾਵਲ ਮਹਲਾ ੯-ਪੰਨਾ ੮੩੦)

ਕਲਿ ਮੈ ਮੁਕਤਿ ਨਾਮ ਤੇ ਪਾਵਤ
ਗੁਰ ਯਹ ਭੇਦੁ ਬਤਾਵੈ।

ਬਿਲਾਵਲੁ ਮਹਲਾ ੯-ਪੰਨਾ ੮੩੧)



Sri Satguru Jagjit Singh Ji Elibrary NamdhariElibrary@gmail.com

ਆਦਿ ਸ੍ਰੀ ਗਰੰਥ ਸਾਹਿਬ ਵਿਚ ਸਤਿਗੁਰਾਂ ਨੇ ਭਗਤਾਂ ਦੀ ਬਾਣੀ ਵੀ ਦਰਜ ਕੀਤੀ ਹੈ। ਸਤਿਗੁਰਾਂ ਦੀ ਬਾਣੀ ਦੀ ਮਾਨਤਾ ਤਾਂ ਸਰਬ ਸ੍ਰੇਸ਼ਟ ਹੈ ਹੀ, ਪਰ ਪਾਠਕਾਂ ਦੀ ਜਾਣਕਾਰੀ ਵਿਚ ਵਾਧਾ ਕਰਨ ਲਈ ਭਗਤਾਂ ਦੀ ਬਾਣੀ ਵਿਚੋਂ ਵੀ ਕੁਛ ਨਿਮਨ ਲਿਖਤ ਉਦਾਹਰਣ ਦਿਤੇ ਜਾਂਦੇ ਹਨ ਜੋ ਏਸੇ ਸਿਧਾਂਤ ਦੀ ਪੁਸ਼ਟੀ ਕਰਦੇ ਹਨ—

ਮੇਰੋ ਮਨ ਮਨਹੀ ਉਲਟ ਸਮਾਨਾ।
ਗੁਰਪਰਸਾਦਿ ਅਕਲ ਭਈ ਅਵਰੈ
ਨਾ ਤਰੁ ਥਾ ਬੇਗਾਨਾ

(ਗਉੜੀ ਕਬੀਰ ਜੀ ਪੰਨਾ ੩੩੩)

ਛੀਪੇ ਕੇ ਘਰਿ ਜਨਮੁ ਦੈਲਾ
ਗੁਰ ਉਪਦੇਸੁ ਭੈਲਾ।
ਸੰਤਹ ਕੈ ਪਰਸਾਦਿ ਨਾਮਾ ਹਰਿ ਭੇਟੁਲਾ

(ਆਸਾ ਨਾਮਦੇਵ ਪੰਨਾ ੪੮੬)

ਜਨ ਰਵਿਦਾਸ ਰਾਮ ਰੰਗਿ ਰਾਤਾ।
ਇਉ ਗੁਰਪ੍ਰਸਾਦਿ ਨਰਕ ਨਹੀ ਜਾਤਾ।

(ਆਸਾ ਰਵਿਦਾਸ ਪੰਨਾ ੬੯੭)

ਗਿਆਨੁ ਪ੍ਰਵੇਸ ਗੁਰਹਿ ਧਨੁ ਦੀਆ
ਧਿਆਨ ਮਾਨ ਮਨ ਏਕ ਮਏ।
ਪ੍ਰੇਮ ਭਗਤਿ ਮਾਨੀ ਸੁਖੁ ਜਾਨਿਆ
ਤ੍ਰਿਪਤਿ ਅਘਾਨੇ ਮੁਕਤਿ ਭਏ।

(ਆਸਾ ਧੰਨਾ ਪੰਨਾ ੪੮੭)

ਭੂਮਿਮਸਾਣ ਕੀ ਭਸਮਿ ਲਗਾਈ
ਗੁਰਬਿਨੁ ਤਤੁ ਨ ਪਾਇਆ।

(ਗੂਜਰੀ ਤ੍ਰਿਲੋਚਨ ਪੰਨਾ ੫੨੬)

ਹਰਿ ਕਾ ਨਾਮੁ ਅੰਮ੍ਰਿਤ ਜਲ ਨਿਰਮਲ
ਇਹ ਅਉਖਧ ਜਗ ਸਾਰਾ।
ਗੁਰ ਪ੍ਰਸਾਦਿ ਕਹੈ ਜਨ ਭੀਖਨ
ਪਾਵਉ ਮੋਖ ਦੁਆਰਾ।

(ਸੋਰਠਿ ਭੀਖਨ ਪੰਨਾ ੬੫੯)

ਆਦਿ ਸ੍ਰੀ ਗਰੰਥ ਸਾਹਿਬ ਵਿਚ ਸਤਿਗੁਰੂ ਪਾਸੋਂ ਹੀ ਨਾਮ ਮਿਲ ਸਕਣ, ਅਗਿਆਨ ਦੂਰ ਕਰਨ ਅਤੇ ਮੁਕਤੀ ਪ੍ਰਾਪਤ ਕਰਨ ਸੰਬੰਧੀ ਅਣਗਿਣਤ ਪ੍ਰਮਾਣ ਹਨ ਅਤੇ ਇਸ ਸਿਧਾਂਤ ਦੀ ਪੁਸ਼ਟੀ ਜਗਾ ਜਗਾ ਤੇ ਮਿਲਦੀ ਹੈ। ਉਪ੍ਰੋਕਤ ਪ੍ਰਮਾਣ ਕੇਵਲ ਨਮੂਨੇ ਮਾਤਰ ਲਿਖੇ ਗਏ ਹਨ।

ਸਿੱਖ ਧਰਮ ਦੀ ਨੀਂਹ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਰਖੀ ਅਤੇ ਉਨ੍ਹਾਂ ਨੇ ਆਪ ਹੀ ਇਸ ਸਿਧਾਂਤ ਦੀ ਨੀਂਹ ਵੀ ਰਖੀ ਕਿ ਗਰੰਥ ਪੋਥੀਆਂ ਪੜ੍ਹਨ ਨਾਲ ਅਗਿਆਨ ਦੂਰ ਨਹੀਂ ਹੁੰਦਾ, ਨਾਮ ਦੀ ਪ੍ਰਾਪਤੀ ਨਹੀਂ ਹੁੰਦੀ। ਤਤ ਵਸਤੂ ਨੂੰ ਜਾਨਣ ਵਾਸਤੇ ਦੇਹਧਾਰੀ ਸਤਿਗੁਰੂ ਦੀ ਲੋੜ ਹੈ। ਆਪ ਜੀ ਨੇ ਬਹੁਤਾ ਪੜ੍ਹਨ ਨੂੰ ਮਨੁਖ ਲਈ ਲਾਭਕਾਰੀ ਨਹੀਂ ਮੰਨਿਆ, ਕਿਉਂ ਕਿ ਪੁਸਤਕ ਪਾਸੋਂ ਪੜ੍ਹਨ ਤੋਂ ਬਿਨਾਂ ਹੋਰ ਕਿਸੇ ਚੀਜ਼ ਦੀ ਪ੍ਰਾਪਤੀ ਨਹੀਂ। ਆਪ ਜੀ ਨੇ ਆ ਦੀ ਵਾਰ ਵਿਚ ਲਿਖਿਆ ਹੈ—

ਪੜਿ ਪੜਿ ਗਡੀ ਲਦੀਅਹਿ,
ਪੜਿ ਪੜਿ ਭਰੀਅਹਿ ਸਾਥ।
ਪੜਿ ਪੜਿ ਬੇੜੀ ਪਾਈਅਹਿ,
ਪੜਿ ਪੜਿ ਗਡੀਅਹਿ ਖਾਤ।
ਪੜੀਅਹਿ ਜੇਤੇ ਬਰਸ ਬਰਸ,
ਪੜੀਅਹਿ ਜੇਤੇ ਮਾਸ।
ਪੜੀਐ ਜੇਤੀ ਆਰਜਾ,
ਪੜੀਅਹਿ ਜੇਤੇ ਸਾਸ।

ਪੁਸਤਕਾਂ ਦੇ ਪੜ੍ਹਨ ਸੁਣਨ ਤੋਂ ਪੁਰਸ਼ ਨੂੰ ਸਾਰ ਵਸਤੂ ਦੀ ਪ੍ਰਾਪਤੀ ਨਹੀਂ ਹੋ ਸਕਦੀ। ਪੁਸਤਕਾਂ ਵਿਚ ਕਈ ਵਾਰੀ ਇਕ ਜਗਾ ਜੋ ਕੁਛ ਲਿਖਿਆ ਮਿਲਦਾ ਹੈ, ਦੂਸਰੀ ਜਗਾ ਉਸਦੇ ਵਿਰੁਧ ਹੁੰਦਾ ਹੈ। ਕਿਉਂ ਕਿ ਪੁਸਤਕ ਬੋਲ ਕੇ ਨਹੀਂ ਦਸ ਸਕਦੀ ਕਿ ਪਹਿਲੇ ਜੋ ਕੁਛ ਲਿਖਿਆ ਸੀ ਓਹ ਇਸ ਘਟਨਾਂ ਨਾਲ ਸੰਬੰਧਿਤ ਸੀ ਦੂਜੀ ਵਾਰੀ ਦਾ ਲਿਖਿਆ ਦੂਜੀ ਘਟਨਾ ਨਾਲ ਸੰਬੰਧਿਤ ਹੈ, ਉਸ ਦਾ ਸਮਾਂ ਹੋਰ ਸੀ ਅਤੇ ਦੂਜੀ ਦਾ

(ਬਾਕੀ ਦੇਖੋ ਸਫਾ ੧੨ ਤੇ)



Sri Satguru Jagjit Singh Ji Elibrary NamdhariElibrary@gmail.com

# "ਜਿਚਰ ਧਰੇ ਨ ਗੁਰ ਅਵਤਾਰਾ"

**ਜਸਵਿੰਦਰ ਸਿੰਘ**
ਗੁਰੂ ਗੋਬਿੰਦ ਸਿੰਘ ਸਟੱਡੀ ਐਸੋਸੀਏਸ਼ਨ, ਦਿੱਲੀ

ਦੁਨੀਆਂ ਵਿਚ ਜਦੋਂ ਤੋਂ ਸਮਾਜ ਹੋਂਦ ਵਿਚ ਆਇਆ ਹੈ ਅਤੇ ਮਨੁੱਖ ਨੇ ਆਪਸ ਵਿਚ ਮਿਲ ਕੇ ਰਹਿਣਾ ਸ਼ੁਰੂ ਕੀਤਾ ਹੈ, ਉਦੋਂ ਤੋਂ ਹੀ ਅਗਵਾਈ ਦਾ ਸਿਲਸਿਲਾ ਸ਼ੁਰੂ ਹੋਇਆ ਹੈ। ਅਗਵਾਈ ਭਾਵੇਂ ਕਿਸੇ ਖੇਤਰ ਵਿਚ ਹੋਵੇ, ਇਸ ਦੀ ਹੋਂਦ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਅਤੇ ਇਹ ਇਕ ਜ਼ਰੂਰੀ ਅੰਗ ਬਣ ਗਈ ਹੈ। ਰਾਜਨੀਤੀ ਦੇ ਖੇਤਰ ਵਿਚ ਮਾਹਿਰ ਵਿਅਕਤੀ, ਜੋ ਦੂਸਰਿਆਂ ਦੀ ਅਗਵਾਈ ਕਰਦਾ ਹੈ, ਨੂੰ ਨੇਤਾ ਆਖਿਆ ਜਾਂਦਾ ਹੈ। ਵਿਦਿਆ ਦੇ ਖੇਤਰ ਵਿਚ ਦੂਸਰਿਆਂ ਨੂੰ ਇਲਮ ਦੇਣ ਅਤੇ ਸਿਖਲਾਉਣ ਵਾਲੇ ਨੂੰ ਮਾਸਟਰ ਅਥਵਾ ਅਧਿਆਪਕ ਆਖਿਆ ਜਾਂਦਾ ਹੈ। ਫੌਜੀ ਮੁਆਮਲੇ ਵਿਚ ਅਗਵਾਈ ਕਰਨ ਵਾਲਾ ਜਰਨੈਲ ਜਾਂ ਜਥੇਦਾਰ ਅਖਵਾਉਂਦਾ ਹੈ। ਇਸੇ ਤਰ੍ਹਾਂ ਧਾਰਮਿਕ ਖੇਤਰ ਵਿਚ ਦੁਨੀਆਂ ਨੂੰ ਰਾਹ ਦਸਣ ਵਾਲਾ 'ਗੁਰੂ' ਦੇ ਨਾਉਂ ਨਾਲ ਪੁਕਾਰਿਆ ਅਤੇ ਸਤਿਕਾਰਿਆ ਜਾਂਦਾ ਹੈ।

ਸਿਖ ਧਰਮ ਵਿਚ 'ਗੁਰੂ' ਦਾ ਸਭ ਤੋਂ ਜ਼ਿਆਦਾ ਮਹੱਤਵ ਹੈ। 'ਸਿਖ' ਸ਼ਬਦ ਦਾ ਅਰਥ ਤਾਂ ਹੀ ਨਿਕਲਦਾ ਹੈ, ਜੇ ਉਸ ਤੋਂ ਪਹਿਲਾ 'ਗੁਰੂ' ਆਵੇ। 'ਗੁਰੂ' ਦੂਸਰਿਆਂ ਨੂੰ ਸਹੀ ਮਾਰਗ ਦਸਦਾ ਹੈ ਅਤੇ ਅਗਿਆਨ ਰੂਪੀ ਹਨੇਰਾ ਦੂਰ ਕਰਦਾ ਹੈ। ਇਸੇ ਕਰਕੇ ਅਕਾਲ ਪੁਰਖ ਦੇ ਨਿਯਮ ਨਾਲ, 'ਗੁਰੂਆਂ' ਦਾ ਆਗਮਨ ਹੁੰਦਾ ਆਇਆ ਹੈ। ਭਾਈ ਗੁਰਦਾਸ ਜੀ ਇਸ ਵਿਚਾਰ ਨੂੰ ਇਸ ਤਰ੍ਹਾਂ ਕਲਮਬੰਦ ਕਰਦੇ ਹਨ—

ਸਤਿਗੁਰ ਨਾਨਕ ਪ੍ਰਗਟਿਆ,
ਮਿਟੀ ਧੁੰਧ ਜਗ ਚਾਨਣ ਹੋਆ ॥

ਗਿਆਨ ਦਾ ਚਾਨਣ ਕਰਨ ਲਈ ਗੁਰੂ ਦੀ ਹੋਂਦ ਜ਼ਰੂਰੀ ਹੈ।

'ਗੁਰੂ' ਪ੍ਰੰਪਰਾ ਨਾਲ ਹੀ 'ਸਿਖ ਪੰਥ' ਹੋਂਦ ਵਿਚ ਆਇਆ, ਜੋ ਕਿ ਅਜ ਤੀਕ ਕਿਸੇ ਨਾ ਕਿਸੇ ਰੂਪ ਵਿਚ ਚਲਿਆ ਆ ਰਿਹਾ ਹੈ। ਇਹ ਇਕ ਵਖਰੀ ਗਲ ਹੈ ਕਿ ਗੁਰੂ 'ਦੇਹ' ਅਥਵਾ 'ਬਿਦੇਹ' ਹੋਵੇ, ਇਸ ਬਾਰੇ ਵਖ ਵਖ ਰਾਵਾਂ ਹਨ ਅਤੇ ਇਸ ਗਲ ਦਾ ਸਦਕਾ ਵਖ ਵਖ ਵਿਚਾਰਾਂ ਵਾਲੀਆਂ ਸੰਪ੍ਰਦਾਵਾਂ ਹਨ। ਮੁਖ ਤੌਰ ਤੇ ਸਿਖ ਧਰਮ ਵਿਚ ਦੋ ਤਰ੍ਹਾਂ ਦੇ ਵਿਚਾਰ ਮਿਲਦੇ ਹਨ, ਇਕ ਤਾਂ ਉਹ ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਅਦ ਆਦਿ ਸ੍ਰੀ ਗਰੰਥ ਸਾਹਿਬ ਨੂੰ 'ਗੁਰੂ' ਮੰਨਦੇ ਹਨ ਅਤੇ ਇਸ ਨੂੰ 'ਗੁਰੂ ਗਰੰਥ' ਦੇ ਨਾਉਂ ਨਾਲ ਸਤਕਾਰਦੇ ਹਨ ਅਤੇ ਦੂਸਰੇ ਪਾਸੇ ਵਾਲੇ ਆਦਿ ਸ੍ਰੀ ਗਰੰਥ ਸਾਹਿਬ ਦੀ ਬਾਣੀ ਨੂੰ ਗੁਰੂ ਦੀ ਉਚਾਰੀ ਬਾਣੀ



Sri Satguru Jagjit Singh Ji Elibrary NamdhariElibrary@gmail.com

ਕਰਕੇ ਸਤਕਾਰਦੇ ਹਨ, ਪਰ 'ਗੁਰੂ' ਦੀ ਪਦਵੀ ਨਹੀਂ ਦਿੰਦੇ, ਸਗੋਂ 'ਦੇਹਧਾਰੀ ਗੁਰੂ' ਦੀ ਹੋਂਦ ਨੂੰ ਮੰਨਦੇ ਹਨ। ਇਹ ਵਿਸ਼ਵਾਸ ਕਰਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਨਾਦੇੜ ਜੋਤੀ ਜੋਤ ਨਹੀਂ ਸਨ ਸਮਾਏ ਅਤੇ ਨਾ ਹੀ ਆਦਿ ਸ੍ਰੀ ਗਰੰਥ ਸਾਹਿਬ ਨੂੰ ਗੁਰੂ ਗਦੀ ਦਿਤੀ ਹੈ।

ਸ੍ਰੀ ਆਦਿ ਗਰੰਥ ਨੂੰ 'ਗੁਰੂ' ਮੰਨਣ ਵਾਲੇ ਭਾਵੇਂ ਬਾਣੀ ਨੂੰ ਗੁਰੂ ਦਾ ਦਰਜਾ ਦਿੰਦੇ ਹਨ ਪਰ ਫਿਰ ਵੀ ਉਹਨਾਂ ਦੇ ਇਸ ਵਿਸ਼ਵਾਸ ਤੋਂ ਦੇਹਧਾਰੀ ਗੁਰੂ ਦੀ ਹੋਂਦ ਪਾਸੇ ਨਹੀਂ ਹੁੰਦੀ ਕਿਉਂਕਿ ਗੁਰੂ ਗਰੰਥ ਸਾਹਿਬ 'ਪ੍ਰਗਟ ਗੁਰਾਂ ਕੀ ਦੇਹਿ' ਅਖਵਾਉਂਦੀ ਹੈ। ਇਸ ਦੇ ਨਾਲ ਨਾਲ ਦੇਹਿਧਾਰੀ ਰੂਪ ਵਿਚ, ਵਕਤ ਦੇ ਨਾਲ ਨਾਲ ਚਲਣ ਲਈ, ਸੰਤ ਅਤੇ ਜਥੇਦਾਰ ਅਗਵਾਈ ਕਰਦੇ ਆਏ ਹਨ। ਇਹ ਗਲ ਤਾਂ ਹਰ ਕੋਈ ਵਿਚਾਰ ਸਕਦਾ ਹੈ ਕਿ 'ਜੜ' ਚੀਜ਼ ਕਿਸੇ 'ਚੇਤਨ ਪ੍ਰਾਣੀ' ਦਾ ਮਾਰਗ ਦਰਸ਼ਨ ਨਹੀਂ ਕਰ ਸਕਦੀ। ਦੂਸਰੇ ਲਵਜ਼ਾਂ ਵਿਚ ਸੰਸਾਰ ਗਤੀਸ਼ੀਲ ਹੈ ਅਤੇ ਇਕ ਵਾਰ ਦੀ ਲਿਖੀ ਚੀਜ਼, ਵਿਚਾਰਧਾਰਾ ਇਕੋ ਤਰ੍ਹਾਂ, ਹਰ ਥਾਂ ਅਤੇ ਹਰ ਵੇਲੇ ਲਾਗੂ ਨਹੀਂ ਹੁੰਦੀ। ਅਗਰ ਇਸ ਤਰ੍ਹਾਂ ਕੀਤਾ ਜਾਵੇ ਤਾਂ ਦੁਨੀਆਂ ਦੀ ਗਤੀਸ਼ੀਲਤਾ ਰੁਕ ਜਾਂਦੀ ਹੈ। ਮਿਸਾਲ ਦੇ ਤੌਰ ਤੇ—ਹਰ ਦੇਸ਼ ਦਾ ਆਪਣਾ ਸੰਵਿਧਾਨ (Constitution) ਹੁੰਦਾ ਹੈ, ਜੋ ਕੁਝ ਵਿਅਕਤੀਆਂ ਦੀ ਕਮੇਟੀ ਦੇਸ਼ ਦਾ ਰਾਜ ਪ੍ਰਬੰਧ ਚਲਾਉਣ ਲਈ ਉਲੀਕਦੀ ਹੈ। ਪਰ ਇਕ ਵਾਰ ਦਾ ਲਿਖਿਆ ਸੰਵਿਧਾਨ ਦੇਸ਼ ਦੀ ਬਦਲਦੀ ਹਾਲਤ ਨਾਲ ਨਹੀਂ ਚਲ ਸਕਦਾ, ਇਸ ਲਈ ਉਸ ਵਿਚ ਵਕਤ-ਵਕਤ ਸਿਰ ਤਰਮੀਮ ਕਰਨ ਲਈ ਖੁਲ੍ਹ ਰਖੀ ਜਾਂਦੀ ਹੈ। ਯਾਦ ਰਹੇ ਕਿ ਤਰਮੀਮ ਵੀ ਦੇਹਿਧਾਰੀ ਮਨੁੱਖ ਹੀ ਕਰਦੇ ਹਨ।

ਸ: ਰਘਬੀਰ ਸਿੰਘ ਜੀ ਅਨੁਸਾਰ "ਬਿਜਲੀ ਦੀ ਪੁਸਤਕ ਨੂੰ ਰੋਜ਼ ਪੜ੍ਹਨ ਨਾਲ, ਪੜ੍ਹਨ ਵਾਲੇ ਦੇ ਘਰ ਵਿਚ ਰੋਸ਼ਨੀ ਨਹੀਂ ਹੋ ਸਕਦੀ, ਤਾਂ ਸੁਖਮਨੀ ਜੀ ਦੇ, ਆਸਾ ਜੀ ਦੀ ਵਾਰ ਦੇ ਕੇਵਲ ਪਾਠ ਕੀਤਿਆਂ ਉਹ ਨਤੀਜੇ ਪੈਦਾ ਨਹੀਂ ਹੋ ਸਕਦੇ ਜਿਹੜੇ ਸਿਖ ਦੇ ਜੀਵਨ ਵਿਚ ਗੁਰੂ ਨਾਨਕ ਦੀ ਤਾਲੀਮ ਨੂੰ ਦਾਵਾ ਹੈ।"

ਇਕਲੀਆਂ ਕਿਤਾਬਾਂ ਤੋਂ ਗਿਆਨ ਅਗਰ ਹੁੰਦਾ ਤਾਂ ਸ਼ਾਇਦ ਕਿਤਨੇ ਕਾਲਜ ਅਤੇ ਸਕੂਲ ਨਾ ਖੋਲ੍ਹਣੇ ਪੈਂਦੇ। ਭਾਵੇਂ ਅਜ ਕਲ੍ਹ ਖ਼ਤ-ਪਤਰਾਂ ਰਾਹੀਂ (Correspondance Courses) ਵੀ ਪੜ੍ਹਾਈਆਂ ਹੋਣ ਲਗ ਪਈਆਂ ਹਨ ਅਤੇ ਡਿਗਰੀਆਂ ਮਿਲਦੀਆਂ ਹਨ, ਪਰ ਖ਼ਤ-ਪਤਰਾਂ ਰਾਹੀਂ ਸਮਝਾਉਣ ਲਈ ਪਿਛੇ ਮਾਸਟਰ ਅਤੇ ਲੇਕਚਰਾਰ ਬੈਠੇ ਹੁੰਦੇ ਹਨ।

ਠੀਕ ਇਹੀ ਗਲ ਸਿਖ ਧਰਮ ਵਿਚ 'ਗੁਰੂ' ਤੇ ਢੁਕਦੀ ਹੈ। ਗੁਰਬਾਣੀ ਵਿਚ ਥਾਂ ਥਾਂ ਤੇ ਦੇਹਿਧਾਰੀ ਗੁਰੂ ਦੀ ਹੋਂਦ ਨੂੰ ਸਵਿਕਾਰਿਆ ਗਿਆ ਹੈ ਅਤੇ ਗੁਰਬਾਣੀ ਦੇਹਿਧਾਰੀ ਗੁਰੂਆਂ ਦੇ ਮੁਖਾਰਬਿੰਦ ਤੋਂ ਹੀ ਹੋਂਦ ਵਿਚ ਆਈ ਹੈ। ਸ਼ਾਇਦ ਇਸੇ ਕਾਰਨ 'ਗੁਰੂ' ਦੀ ਹੋਂਦ ਨੂੰ ਮੁਖ ਰਖਦਿਆਂ ਆਦਿ ਸ੍ਰੀ ਗਰੰਥ ਸਾਹਿਬ ਜੀ ਦੇ ਸ੍ਰੀ ਰਾਗ ਮਹਲਾ ੪ ਵਿਚ ਲਿਖਿਆ ਹੈ—

"ਹਰਿ ਜੁਗਹ ਜੁਗੋ ਜੁਗ ਜੁਗਹ ਜੁਗੋ,
ਸਦ ਪੀੜੀ ਗੁਰੂ ਚਲੰਦੀ"।

ਗੁਰੂ ਰਾਮਾ ਨੰਦ ਜੀ ਨੀਵੀਆਂ ਜਾਤਾਂ ਵਾਲਿਆਂ ਨੂੰ ਆਪਣਾ ਚੇਲਾ ਨਹੀਂ ਸਨ ਬਣਾਉਂਦੇ। ਕਿਉਂਕਿ ਦੇਹਿਧਾਰੀ ਗੁਰੂ ਦੀ ਸ਼ਰਨ ਬਿਨਾਂ 'ਗਤਿ' ਨਹੀਂ ਹੁੰਦੀ, ਕਬੀਰ ਜੀ ਨੇ ਚਲਾਕੀ ਨਾਲ ਰਾਮਾ ਨੰਦ ਜੀ ਕੋਲੋਂ ਮੂੰਹ ਹਨੇਰੇ ਪੌੜੀਆਂ ਵਿਚ ਲੇਟ ਕੇ 'ਗੁਰਮੰਤ੍ਰ' ਲੈ ਲਿਆ ਸੀ। ਧੰਨੇ ਭਗਤ ਨੇ ਪਥਰ ਵਿਚੋਂ ਭਗਵਾਨ ਦੇ ਦਰਸ਼ਨ ਕੀਤੇ ਸਨ। ਇਥੇ ਇਹ ਗਲ ਚੇਤੇ ਰਖਣ ਵਾਲੀ ਹੈ ਕਿ ਧੰਨੇ ਨੇ ਤਰਲੋਚਨ ਨੂੰ ਗੁਰੂ ਤੁਲ ਮੰਨ ਕੇ ਹੀ ਠਾਕਰ ਦੀ ਮੰਗ ਕੀਤੀ ਸੀ ਜਿਸ ਦੇ ਬਦਲੇ ਉਸ ਨੂੰ ਪਥਰ ਦਿਤਾ ਗਿਆ ਸੀ। ਇਸ ਵਿਚ ਵੀ ਪਥਰ 'ਭਗਵਾਨ' ਅਤੇ ਤਰਲੋਚਨ 'ਗੁਰੂ' ਦੀ ਥਾਂ ਆਉਂਦਾ ਹੈ।

ਦੇਹਿਧਾਰੀ 'ਸਤਿਗੁਰੂ' ਦਾ ਸਭ ਤੋਂ ਵਡਾ ਕੰਮ ਵਕਤ ਦੇ ਨਾਲ ਨਾਲ ਆਪਣੇ ਸਿਖਾਂ ਨੂੰ ਤੋਰਨਾ ਹੁੰਦਾ



Sri Satguru Jagjit Singh Ji Elibrary NamdhariElibrary@gmail.com

ਹੈ ਅਤੇ ਏਦਾ ਹੁੰਦਾ ਆਇਆ ਹੈ। ਗੁਰੂ ਨਾਨਕ ਦੇਵ ਜੀ ਵਲੋਂ ਤੋਰੇ 'ਨਿਰਧਨ ਪੰਥ' ਵਿਚੋਂ ਤਾਕਤ ਦੀ ਨਜ਼ਾਕਤ ਵੇਖਦਿਆਂ ਛੇਵੇਂ ਪਾਤਸ਼ਾਹ ਸ੍ਰੀ ਹਰਿਗੋਬਿੰਦ ਸਾਹਿਬ ਜੀ ਨੇ ਤਲਵਾਰ ਧਾਰਨ ਕਰਕੇ ਤਰਮੀਮ ਕੀਤੀ। ਇਹ ਉਸ ਵਕਤ ਦੀ ਵਡੀ ਮੰਗ ਸੀ। ਜਿਸਦਾ ਸਿਟਾ ਸ੍ਰੀ ਹਰਿ ਗੋਬਿੰਦ ਸਾਹਿਬ ਜੀ ਨਾਲ ਲੜਾਈਆਂ ਹੋਈਆ ਅਤੇ ਗੁਰੂ ਸਾਹਿਬਾਨ ਜੇਤੂ ਹੋ ਕੇ ਨਿਕਲੇ। ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ਼ ਬਹਾਦੁਰ ਜੀ ਦੀ ਸ਼ਹੀਦੀ ਤੋਂ ਬਾਦ, ਹਾਲਾਤ ਨੂੰ ਵੇਖਦਿਆਂ ਹੋਇਆਂ, ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ, ਛੇਵੇਂ ਗੁਰੂ ਦੀ ਰਸਮ ਨੂੰ ਥੋੜਾ ਹੋਰ ਬਦਲ ਕੇ 'ਸੰਤ ਸਿਪਾਹੀ' ਖ਼ਾਲਸਾ ਬਣਾ ਦਿਤਾ। ਜਿਸ ਤਰਾਂ ਹਰ ਸਕੂਲ ਦੀ ਵਰਦੀ ਹੁੰਦੀ ਹੈ, ਨਿਯਮ ਹੁੰਦੇ ਹਨ, ਉਸੇ ਤਰਾਂ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾਕੇ ਪੰਜ ਕੱਕਾਰਾਂ ਦੀ ਰਹਿਤ ਦਸਕੇ, ਰਹਿਤ ਮਰਯਾਦਾ ਤੋਰੀ। ਵਕਤ ਬਦਲਿਆ। ਅੰਗਰੇਜ਼ ਹਿੰਦੁਸਤਾਨ ਵਿਚ ਆ ਕੇ ਛਾਏ ਅਤੇ ਉਸ ਵਕਤ ਜਦੋਂ ਖ਼ਾਲਸਾ ਪੰਥ ਚੜ੍ਹਦੀਆਂ ਕਲਾਂ ਵਿਚ ਸੀ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ, ਪੰਜਾਂ ਸਿਖਾਂ ਨੂੰ ਅੰਮ੍ਰਿਤ ਛਕਾ ਕੇ, ਨਾਮ ਦਾਨ ਦੇ ਕੇ 'ਸੰਤ ਸਿਪਾਹੀ' ਦੇ ਨਾਲ ਨਾਲ 'ਸੰਤ ਖ਼ਾਲਸਾ' ਬਣਾ ਦਿਤਾ। ਵਕਤ ਕਿਉਂਕਿ ਬਦਲ ਗਿਆ ਸੀ, ਇਸ ਲਈ ਨਾ-ਮਿਲਵਰਤਨ ਅਤੇ ਸਤਿਆਗ੍ਰਹਿ ਦਾ ਦੌਰ ਪ੍ਰਚਲਿਤ ਕੀਤਾ, ਜਿਸਨੂੰ ਮੁੜ ਵੀਹਵੀਂ ਸਦੀ ਵਿਚ ਕਾਂਗਰਸ ਨੇ ਅਪਣਾਇਆ। ਆਖਣ ਦਾ ਭਾਵ ਇਹ ਹੈ ਕਿ ਸਿਖ ਧਰਮ ਵਿਚ, ਇਹ ਸਾਰੀਆਂ ਤਰਮੀਮਾਂ ਕੇਵਲ ਤੇ-ਕੇਵਲ ਦੇਹਧਾਰੀ ਗੁਰੂਆਂ ਦੁਆਰਾ ਹੀ ਹੋਈਆਂ।

ਇਹ ਠੀਕ ਹੈ ਕਿ ਵੇਦ ਅਤੇ 'ਗਰੰਥ' ਵੀ ਗੁਰੂਆਂ ਦੇ ਨਾਲ ਨਾਲ ਰਹੇ ਹਨ। ਪਰ ਉਹ ਗੁਰੂਆਂ ਦੀ ਬਰਾਬਰੀ ਤਾਂ ਨਹੀਂ ਕਰ ਸਕਦੇ। ਸਾਧ ਅਥਵਾ 'ਗੁਰੂ' ਵੇਦਾਂ ਤੋਂ ਵਡਾ ਹੁੰਦਾ ਹੈ। 'ਵੇਦ, ਗਰੰਥ' ਸਾਧਾ ਸੰਤਾ ਦੇ ਹੀ ਰਚੇ ਹੁੰਦੇ ਹਨ।

ਸਾਧ ਕੀ ਮਹਿਮਾਂ ਬੇਦ ਨਾ ਜਾਨੇ,
ਜੇਤਾ ਕਹੇ ਤੇਤਾ ਬਖਿਆਨੇ।

ਪਰ ਵੇਦ ਤਾਂ ਸਾਧਾਂ ਸੰਤਾਂ ਦੀਆਂ ਆਖੀਆਂ ਗਲਾਂ ਹੀ ਦਸਦਾ ਹੈ।

ਭਾਈ ਗੁਰਦਾਸ ਜੀ ਵਾਰ ਪਹਿਲੀ, ਪਾਉੜੀ ੧੭ ਵਿਚ ਲਿਖਦੇ ਹਨ—

'ਬੇਦ ਗਰੰਥ ਗੁਰ ਹਟ ਹੈ,
ਜਿਸ ਲਗ ਭਵਜਲ ਪਾਰ ਉਤਾਰਾ।
ਸਤਿਗੁਰੂ ਬਾਝ ਨ ਬੁਝੀਐ,
ਜਿਚਰ ਧਰੇ ਨ ਗੁਰ ਅਵਤਾਰਾ।'

ਧਰਮ ਚਲਾਉਣ ਲਈ ਗੁਰੂਆਂ ਦੀ ਹੋਂਦ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਇਹ ਸ਼ਬਦ ਕਿੰਨਾ ਮਹਤਵ ਰਖਦੇ ਹਨ, ਪਾਠਕ ਆਪ ਹੀ ਗੌਰ ਕਰ ਲੈਣ—

'ਹਮ ਇਹ ਕਾਜ ਜਗਤ ਮੋ ਆਏ।
ਧਰਮ ਹੇਤ ਗੁਰਦੇਵ ਪਠਾਏ।
ਜਹਾਂ ਤਹਾਂ ਤੁਮ ਧਰਮ ਬਿਥਾਰੋ।
ਦੁਸਟ ਦੋਖੀਅਨ ਪਕਰਿ ਪਛਾਰੋ।

ਦੇਹਧਾਰੀ ਗੁਰੂ ਦੇ ਸਖਣੇ ਸਿਖਾਂ, ਰਾਜਨੀਤੀ ਨੂੰ ਧਰਮ ਵਿਚ ਖੌਭ ਦਿਤਾ ਅਤੇ ਇਸ ਨੇ ਸਮਾਜ ਨੂੰ ਬਹੁਤ ਹੀ ਛੋਟੇ ਵਿਚਾਰਾਂ ਵਿਚ ਲੈ ਆਂਦਾ ਹੈ। ਕੋਈ ਵਕਤ ਸੀ, ਉਤਰੀ ਭਾਰਤ ਵਿਚ ਹਿੰਦੂ ਆਪਣੇ ਵਡੇ ਲੜਕੇ ਨੂੰ ਸਿਖ ਬਣਾਉਂਦੇ ਸੀ। ਇਹ ਗਲ ਅਜ ਵੀ ਵਡੇਰੀ ਉਮਰ ਦੇ ਸਜਣਾਂ ਤੋਂ ਪਤਾ ਕੀਤੀ ਜਾ ਸਕਦੀ ਹੈ। ਪਰ ਮਨਮਤ ਕਰਦਿਆਂ ਰਾਜਨੀਤੀ ਨੂੰ ਧਰਮ ਤੋਂ ਜਿਆਦਾ ਮਹਤਵ ਦਿੰਦਿਆਂ ਸਿਖਾਂ ਨੇ ਉਨ੍ਹਾਂ ਨੂੰ ਆਪਣੇ ਨਾਲੋਂ ਨਖੇੜ ਕੇ ਅਲਗ ਜਮਾਤ ਵਿਚ ਕਰ ਦਿਤਾ 'ਹਮ ਹਿੰਦੂ ਨਹੀਂ ਵਰਗੇ' ਵਿਚਾਰ ਆਉਣ ਲਗ ਪਏ। ਭਾਵੇਂ ਸਾਝਾ ਦੇਸ਼ ਇਕ ਹੈ, ਖੂਨ ਇਕ ਹੈ, ਸਮਾਜ ਇਕ ਹੈ। ਫਿਰ ਵੀ 'ਜਬ ਲਗ ਖਾਲਸਾ ਰਹੇ ਨਿਆਰਾ' ਵਰਗੀਆਂ ਪੰਕਤੀਆਂ ਦੇ ਹਲਤ ਅਰਥ ਕਰ ਕਰ ਕੇ ਸਿਖਾਂ ਨੂੰ ਕੁਰਾਹੇ ਪਾ ਦਿਤਾ। ਅੱਧਾ ਪੰਜਾਬ, ਪਹਿਲਾ ਪਾਕਿਸਤਾਨ ਵਿਚ ਚਲਿਆ ਗਿਆ ਸੀ, ਰਹਿੰਦੇ ਸਾਡੇ ਲੀਡਰਾਂ ਨੇ ਫਿਰ ਤਿੰਨ ਹਿਸੇ ਕਰਾ ਕੇ ਆਪਣੀਆਂ ਲੀਡਰੀਆਂ ਕਾਇਮ ਕਰ ਲਈਆਂ। ਇਦਾ ਕਰਨ ਨਾਲ ਆਪਸ



Sri Satguru Jagjit Singh Ji Elibrary NamdhariElibrary@gmail.com

ਵਿਚ ਨਫਰਤ ਵਧਾ ਦਿਤੀ ।

ਇਸੇ ਧਾਰਮਿਕ ਰਾਜਨੀਤੀ ਸਦਕਾ ਅਜ ਕਲ ਪੰਜਾਬ ਵਿਚ ਦੇਹਿਧਾਰੀ ਗੁਰੂਆਂ ਦੇ ਵਿਰੁਧ ਬਹੁਤ ਕੁਝ ਆਖਿਆ ਜਾਂਦਾ ਹੈ, ਚੰਗੇ ਭਲੇ ਵਸਦੇ ਲੋਕਾਂ ਵਿਚ ਨਫਰਤ ਦੀ ਅਗ ਲਾਈ ਜਾਂਦੀ ਹੈ। ਹਰ ਜਥੇਦਾਰ ਆਪਣੇ ਵਿਚਾਰਾਂ ਨਾਲ ਲੋਕਾਂ ਨੂੰ ਸਮਝਾਉਂਦਾ ਹੈ। ਠੀਕ ਜਾਂ ਗਲਤ ਗਲ ਦਾ ਨਿਰਨਾਂ ਬੈਠ ਕੇ ਹੋ ਸਕਦਾ ਹੈ। ਪਰ ਆਖਣ ਸਮਝਾਉਣ ਵਾਲਾ ਕੌਣ ਹੈ? ਕਾਸ਼ ਅਜ ਸਿਖ ਪੰਥ 'ਗੁਰੂ ਗਰੰਥ ਸਾਹਿਬ' ਕੋਲੋਂ ਹੀ ਸਿਖਿਆ ਲੈ ਸਕਦਾ।

●

## ਲੇਖਕਾਂ ਪ੍ਰਤੀ ਬੇਨਤੀ

੧. ਨਿਰੀਖਿਅਕ ਦੇ ਪਾਠਕਾਂ ਵਿਚੋਂ ਬਹੁਤ ਸਾਰੇ ਲਿਖਾਰੀ ਸੱਜਣਾਂ ਦੇ ਸੁਯੋਗ ਲੇਖ ਮਿਲੇ ਹਨ, ਪਰ ਸਮੇਂ ਦੀ ਕਮੀ ਕਰਕੇ ਅਸੀਂ ਕਾਫੀ ਲੇਖ ਛਾਪਣੋਂ ਅਸਮਰਥ ਹੋ ਗਏ ਹਾਂ ਜਿਸ ਦੀ ਅਸੀਂ ਖਿਮਾ ਚਾਹੁੰਦੇ ਹਾਂ।

੨. ਅਸੀਂ ਆਸ ਕਰਦੇ ਹਾਂ ਕਿ ਇਹਨਾਂ ਲੇਖਕਾਂ ਤੇ ਹੋਰ ਨਵੇਂ ਲੇਖਕਾਂ ਦਾ ਸਹਿਯੋਗ ਸਾਨੂੰ ਅਗੋਂ ਵੀ ਮਿਲਦਾ ਰਹੇਗਾ।

੩. ਲੇਖਾਂ ਪ੍ਰਤੀ ਅਰਜ਼ ਹੈ ਕਿ ਇਹ ਛੋਟੇ ਪਰ ਠੋਸ ਭਰਪੂਰ, ਸਾਫ਼, ਸੁਥਰੇ, ਸਫੇ ਦੇ ਇਕ ਪਾਸੇ ਲਿਖੇ ਜਾਂ ਟਾਈਪ ਕੀਤੇ ਹੋਏ E-25 ਫੋਕਲ ਪੁਆਇੰਟ, ਲੁਧਿਆਣਾ ਦੇ ਪਤੇ ਤੇ ਭੇਜੇ ਜਾਣ।

੪. ਐਡੀਟਰ ਨਿਰੀਖਿਅਕ ਨੂੰ ਇਹ ਅਧਿਕਾਰ ਹੈ ਕਿ ਉਹ ਲੇਖਾਂ ਨੂੰ ਜਿਥੋਂ ਲੋੜ ਸਮਝੇ ਸੋਧ ਛਾਪ ਸਕਦਾ ਹੈ।

੪. ਇਹ ਜ਼ਰੂਰੀ ਨਹੀਂ ਕਿ ਐਡੀਟਰ ਲੇਖਕਾਂ ਦੇ ਵਿਚਾਰਾਂ ਨਾਲ ਸਹਿਮਤ ਹੋਵੇ।



Sri Satguru Jagjit Singh Ji Elibrary NamdhariElibrary@gmail.com

# ਆਵਾਗੌਣ

ਜੀਵਾਤਮਾ ਦਾ ਸ਼ੁਭ ਅਸ਼ੁਭ ਕਰਮਾ ਦੇ ਫਲ ਭੌਗਣ ਲਈ ਮਨੁਖ ਪਸ਼ੂ ਪੰਖੀ ਆਦਿ ਚੌਰਾਸੀ ਲਖ ਜੂਨਾਂ ਵਿਚ ਜੰਮਣਾ ਅਤੇ ਮਰਨਾ । ਇਸ ਸੰਸਾਰਚਕ੍ਰ ਤੋਂ ਆਤਮਗਯਾਨ ਪ੍ਰਾਪਤ ਹੋਣ ਪੁਰ, ਜਦ ਕਰਮਜਾਲ ਤੋਂ ਛੁਟਕਾਰਾ ਹੁੰਦਾ ਹੈ ਤਦ ਜੀਵ ਮੁਕਤਿ ਪਾਕੇ ਸਦਾ ਲਈ ਆਵਾਗਮਨ ਤੋਂ ਰਹਿਤ ਹੋ ਜਾਂਦਾ ਹੈ ।

ਕਈ ਜਨਮ ਭਏ ਕੀਟ ਪਤੰਗਾ,
ਕਈ ਜਨਮ ਗਜ ਮੀਨ ਕੁਰੰਗਾ ।
ਕਈ ਜਨਮ ਪੰਖੀ ਸਰਪ ਹੋਇਓ,
ਕਈ ਜਨਮ ਹੈਵਰ ਬ੍ਰਿਖ ਜੋਇਓ ।
ਮਿਲੁ ਜਗਦੀਸ ਮਿਲਨ ਕੀ ਬਰੀਆ,
ਚਿਰੰਕਾਲ ਇਹ ਦੇਹ ਸੰਜਰੀਆ ।
ਕਈ ਜਨਮ ਸੈਲ ਗਿਰਿ ਕਰਿਆ ।
ਕਈ ਜਨਮ ਗਰਭ ਹਿਰਿ ਖਰਿਆ ।
ਕਈ ਜਨਮ ਸਾਖ ਕਰਿ ਉਪਾਇਆ,
ਲਖ ਚਉਰਾਸੀਹ ਜੋਨਿ ਭ੍ਰਮਾਇਆ ।

—ਆਸਾ ਮ: ੫

ਉਦਮ ਕਰਹਿ ਅਨੇਕ ਹਰਿਨਾਮੁ ਨ ਗਾਵਹੀ,
ਭਰਮਹਿ ਜੋਨਿ ਅਸੰਖ ਮਰਿ ਜਨਮਹਿ ਆਵਹੀਂ ।
ਪਸੂ ਪੰਖੀ ਸੈਲ ਤਰਵਰ ਗਣਤ ਕਛੂ ਨ ਆਵਏ,
ਬੀਜੁ ਬੋਵਸਿ ਭੋਗ ਭੋਗਹਿ ਕੀਆ ਆਪਣਾ ਪਾਵਏ ।

—ਜੈਤਸਰੀ ਮ: ੫

ਨਿਜਘਰਿ ਮਹਲੁ ਪਾਵਹੁ
ਸੁਖ ਸਹਜੇ ਬਹੁਰਿ ਨ ਹੋਇਗੋ ਫੇਰਾ ।

—ਗਉੜੀ ਮ: ੫

ਫਾਹੇ ਕਾਟੇ ਮਿਟੇ ਗਵਨ ਫਤਹਿ ਭਈ ਮਨਿ ਜੀਤ,
ਨਾਨਕ ਗੁਰ ਤੇ ਥਿਤਿ ਪਾਈ ਫਿਰਨ ਮਿਟੇ ਨਿਤਨੀਤ ।

—ਬਾਵਨ ਆਖਰੀ

ਜਨਮ ਮਰਨ ਕੇ ਮਿਟੇ ਅੰਦੇਸੇ,
ਸਾਧੂ ਕੇ ਪੂਰਨ ਉਪਦੇਸੇ ।......
ਥਿਤਿ ਪਾਈ ਚੂਕੇ ਭ੍ਰਮ ਗਵਨ,
ਸੁਨਿ ਨਾਨਕ ਹਰਿ ਹਰਿ ਜਸ ਸ੍ਰਵਨ ।

—(ਸੁਖਮਨੀ)

ਸਰਨਿ ਗਹੀ ਪਾਰਬ੍ਰਹਮ ਕੀ ਮਿਟਿਆ ਆਵਾਗਵਨ,
ਆਪਿ ਤਰਿਆ ਕੁਟੰਬ ਸਿਉ ਗੁਣ ਗੋਬਿੰਦੁ ਪ੍ਰਭ ਰਵਨੁ ।

- (ਗਉੜੀ ਥਿਤੀ ਮ: ੫)

ਭਾਰਤ ਦੇ ਲੋਕ ਪਰੰਪਰਾ ਤੋਂ ਆਵਾਗਮਨ (ਤਨਾਸੁਖ, L. Metem-Psychoris, ਅੰ. Trans-mission of Souls) ਮੰਨਦੇ ਚਲੇ ਆਏ ਹਨ । ਯੂਨਾਨੀ ਇਤਿਹਾਸਕਾਰ ਹੀਰਾਡੋਟਸ ਦੇ ਲੇਖ ਅਨੁਸਾਰ



Sri Satguru Jagjit Singh Ji Elibrary NamdhariElibrary@gmail.com

ਪ੍ਰਾਚੀਨ ਮਿਸਰੀ ਭੀ ਆਵਾਗਮਨ ਦੇ ਵਿਸ਼ਵਾਸੀ ਸਨ। ਯੂਨਾਨੀ ਤਤਵੇਤਾ ਆਪ ਭੀ ਇਸ ਮਤ ਦਾ ਪ੍ਰਚਾਰ ਕਰਦੇ ਰਹੇ ਹਨ। ਨਵੀਨ ਬ੍ਰਹਮਵੇਤਿਆ (Modern Theosophists) ਦਾ ਖਿਆਲ ਹੈ ਕਿ ਪ੍ਰਾਚੀਨ ਯਹੂਦੀ ਈਸਾਈ ਮੁਸਲਮਾਨ ਅਤੇ ਹੋਰ ਮਤਾਵਲੰਬੀ ਭੀ ਕਿਸੇ ਨ ਕਿਸੇ ਸਕਲ ਵਿਚ ਆਵਾਗਮਨ ਨੂੰ ਜ਼ਰੂਰ ਮੰਨਦੇ ਸਨ। ਅੱਜ ਕਲ ਕੇਵਲ ਉਹ ਲੋਕ ਆਵਾਗਮਨ ਦੇ ਮੰਨਣ ਵਾਲੇ ਹਨ ਜਿਨ੍ਹਾਂ ਦੇ ਧਾਰਮਿਕ ਬਜ਼ੁਰਗ ਕਦੇ ਪ੍ਰਾਚੀਨ ਭਾਰਤ ਨਿਵਾਸੀਆਂ ਨਾਲ ਸੰਬੰਧ ਰਖਦੇ ਸਨ, ਜਾਂ ਉਹ, ਜੋ ਹੁਣ ਆਪ ਉਨ੍ਹਾਂ ਬਿਰਧਾਂ ਦਾ ਸਤਿਕਾਰ ਕਰਦੇ ਹਨ। ਬੋਧ, ਜੈਨੀ, ਹਿੰਦੂ, ਸਿਖ ਅਤੇ ਨਵੀਨ ਬ੍ਰਹਮਵੇਤਾਂ ਸਾਰੇ ਇਸ ਸਿਧਾਂਤ ਨੂੰ ਅੰਗੀਕਾਰ ਕਰਦੇ ਹਨ।

ਵਰਤਮਾਨ ਸਿਆਣਿਆਂ ਨੇ ਆਵਾਗਮਨ ਦੇ ਤਿੰਨ ਭੇਦ ਕਰ ਦਿਤੇ ਹਨ—

(ੳ) ਜਦ ਕੋਈ ਬੱਚਾ ਪੈਦਾ ਹੁੰਦਾ ਹੈ ਤਾਂ ਉਸ ਲਈ ਰੱਬ ਉਸੇ ਵੇਲੇ ਨਵਾਂ ਆਤਮਾ ਨਹੀਂ ਸਿਰਜਦਾ। ਆਤਮਾ ਪਹਿਲਾਂ ਤੋਂ ਹੀ ਮੌਜੂਦ ਰਹਿੰਦਾ ਹੈ, ਪਰ ਵਿਦੇਹ ਦਿਸ਼ਾ ਵਿਚ ਜਦੋਂ ਇਹ ਮਨੁਖ ਦੇਹ ਵਿਚ ਪ੍ਰਵੇਸ਼ ਕਰਦਾ ਹੈ, ਤਾਂ ਇਸ ਲਈ ਦੇਹ ਧਾਰਣ ਦਾ ਇਹੋ ਪਹਿਲਾ ਮੌਕਾ ਹੁੰਦਾ ਹੈ, ਅਰ ਮਰਨ ਪਿਛੋਂ ਅਗੋਂ ਭੀ ਕਦੇ ਦੇਹ ਨਹੀਂ ਧਾਰੇਗਾ। ਇਸ ਸਿਧਾਂਤ ਦਾ ਨਾਮ 'ਪੂਰਣਅਸਿਤਤ੍ਵ' (The Doctrine of Prexistence) ਪ੍ਰਸਿਧ ਹੈ।

(ਅ) ਆਤਮਾ ਇਸ ਸ਼ਰੀਰ ਤੋਂ ਪਹਿਲਾਂ ਕੋਟਾਨ ਕੋਟਿ ਮਨੁਖ, ਪਸ਼ੂ, ਪੰਛੀ, ਬਿਰਛ ਆਦਿਕ ਜੂਨੀਆਂ ਵਿਚ ਭ੍ਰਮਨ ਕਰਦਾ ਰਿਹਾ ਹੈ, ਅਰ ਮੌਜੂਦਾ ਸਰੀਰ ਤਿਆਗਣ ਮਗਰੋਂ ਭੀ ਮੁੜ ਮਨੁਖ ਜੂਨੀ ਵਿਚ ਆਉਣ ਤੋਂ ਪਹਿਲਾਂ ਕਈ ਪਸ਼ੂ ਪੰਖੀ ਬਿਰਛ ਆਦਿਕ ਜੂਨੀਆਂ ਵਿਚ ਜਨਮ ਲਏਗਾ। ਇਸ ਸਿਧਾਂਤ ਦਾ ਨਾਮ ਤਨਾਸੁਖ ਅਥਵਾ ਯਥਾਰਥ ਆਵਾਗਮਨ (Transmigration of Metempsychosis) ਹੈ।

(ੲ) ਮਨੁਖ ਦੀ ਆਤਮਾ ਇਸ ਸਰੀਰ ਤੋਂ ਪਹਿਲੇ ਪੁਰਖ ਜਾਂ ਇਸਤ੍ਰੀ ਰੂਪ ਵਿਚ ਤਾਂ ਜਨਮ ਲੈਂਦਾ ਰਿਹਾ ਹੈ, ਪਰ ਪਸ਼ੂ ਪੰਖੀ ਬਿਰਛ ਆਦਿ ਹੋਕੇ ਕਦੀ ਨਹੀਂ ਜੰਮਿਆ, ਅਰ ਮੌਜੂਦਾ ਸ਼ਰੀਰ ਤਿਆਗਣ ਮਗਰੋਂ ਭੀ ਇਹ ਮੁਕਤ ਹੋਣ ਤਕ ਪੁਰਖ ਜਾ ਇਸਤ੍ਰੀ ਰੂਪ ਵਿਚ ਹੀ ਪੁਨਰ ਜਨਮ ਧਾਰਣ ਕਰੇਗਾ। ਇਸ ਸਿਧਾਂਤ ਦਾ ਨਾਉਂ ਪੁਨਰਭਾਵ (Re-Incarnation) ਹੈ।

(ਧੰਨਵਾਦ ਸਹਿਤ ਮਹਾਨ ਕੋਸ਼ ਵਿਚੋਂ)

ਨੋਟ : ਗੁਰਬਾਣੀ ਅਨੁਸਾਰ "ਅ" ਸਿਧਾਂਤ ਹੀ ਪੂਰਨ ਤੌਰ ਤੇ ਮੰਨਣ ਯੋਗ ਹੈ।

(ਸੰਪਾਦਕ)

★



Sri Satguru Jagjit Singh Ji Elibrary NamdhariElibrary@gmail.com

# ਦੇਹਧਾਰੀ ਸਤਿਗੁਰੂ

(ਸਫਾ ੫ ਦੀ ਬਾਕੀ)

ਸਮਾਂ ਹੋਰ ਹੈ ਇਸ ਕਰਕੇ ਇਥੇ ਪਰਸਪਰ ਵਿਰੋਧ ਨਹੀਂ। ਇਤਿਆਦਿਕ ਭਾਵ ਦਸਣ ਲਈ ਦੇਹਧਾਰੀ ਦੀ ਹੀ ਲੋੜ ਹੈ। ਆਤਮਿਕ ਗਿਆਨ ਤਾਂ ਦੇਹਧਾਰੀ ਸਤਿਗੁਰੂ ਤੋਂ ਬਿਨਾਂ ਹੋ ਹੀ ਨਹੀਂ ਸਕਦਾ। ਸ੍ਰੀ ਗੁਰੂ ਨਾਨਕ ਦੇਵ ਜੀ ਮਾਰੂ ਸੋਹਲਿਆਂ ਵਿਚ ਫਰਮਾਉਂਦੇ ਹਨ—

ਵਾਚਹਿ ਪੁਸਤਕ ਵੇਦ ਪੁਰਾਨਾ।
ਇਕ ਬਹਿ ਸੁਨਹਿ ਸੁਨਾਵਹਿ ਕਾਨਾ।
ਅਜਗਰ ਕਪਟ ਕਹਹੁ ਕਿਉ ਖੁਲੈ,
ਬਿਨੁ ਸਤਿਗੁਰ ਤਤੁ ਨ ਪਾਇਆ।

(ਪੰਨਾ ੧੦੪੩)

ਆਦਿ ਸ੍ਰੀ ਗਰੰਥ ਸਾਹਿਬ ਦਾ ਸੰਕਲਨ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ। ਇਹ ਠੀਕ ਹੈ ਕਿ ਇਸ ਵਿਚ ਸਤਿਗੁਰੂਆਂ ਦੀ ਪਵਿਤ੍ਰ ਬਾਣੀ ਹੈ। ਬਾਣੀ ਦੇ ਰੂਪ ਵਿਚ ਇਸ ਦੇ ਤੁਲ ਹੋਰ ਕੋਈ ਬਾਣੀ ਨਹੀਂ। ਇਸ ਦਾ ਜੋਗ ਸਤਿਕਾਰ ਵੀ ਗੁਰੂ ਅਰਜਨ ਦੇਵ ਜੀ ਨੇ ਕੀਤਾ। ਆਪ ਦੇਹਧਾਰੀ ਸਤਿਗੁਰੂ ਸਨ ਅਤੇ ਆਪ ਨੇ ਇਹ ਚੰਗੀ ਤਰਾਂ ਅਨੁਭਵ ਕੀਤਾ ਸੀ ਕਿ ਸੰਸਾਰ ਦੀ ਕਲਿਆਣ ਕੇਵਲ ਦੇਹਧਾਰੀ ਸਤਿਗੁਰੂ ਹੀ ਕਰ ਸਕਦਾ ਹੈ। ਭਾਵੇਂ ਆਦਿ ਬੀੜ ਦਾ ਕਿਤਨਾ ਸਤਿਕਾਰ ਆਪ ਕੀਤਾ ਅਤੇ ਕਰਾਇਆ ਪਰ ਗੁਰ ਗੱਦੀ ਦੇ ਮਾਲਿਕ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੂੰ ਸਥਾਪਨ ਕੀਤਾ।

ਪੁਸਤਕਾਂ ਪੜ੍ਹਕੇ ਪੁਰਸ਼ ਨੂੰ ਸ਼ਾਂਤੀ ਨਹੀਂ ਮਿਲਦੀ, ਵਿਕਾਰ ਦੂਰ ਨਹੀਂ ਹੁੰਦੇ ਅਤੇ ਮਨ ਦਾ ਟਿਕਾਉ ਨਹੀਂ ਹੁੰਦਾ। ਮਨ ਦਾ ਟਿਕਾਉ ਨਾਮ ਲੈਣ ਨਾਲ ਹੀ ਹੁੰਦਾ ਹੈ ਅਤੇ ਨਾਮ ਦੇਹਧਾਰੀ ਪਾਸੋਂ ਹੀ ਮਿਲਦਾ ਹੈ। ਇਸ ਸੰਬੰਧ ਵਿਚ ਆਪਨੇ ਗਰੰਥ ਸਾਹਿਬ ਵਿਚ ਬੜੇ ਸਰਲ ਸ਼ਬਦਾਂ ਵਿਚ ਲਿਖ ਦਿਤਾ ਹੈ—

ਪੜੇ ਰੇ ਸਗਲ ਬੇਦ* ਨਹ ਚੂਕੈ ਮਨ ਭੇਦ
ਇਕੁ ਖਿਨੁ ਨਾ ਧੀਰਹਿ ਮੇਰੇ ਘਰ ਕੇ ਪੰਚਾ।
ਕੋਈ ਐਸੋ ਰੇ ਭਗਤੁ ਜੁ ਮਾਇਆ ਤੇ ਰਹਤੁ
ਇਕੁ ਅੰਮ੍ਰਿਤ ਨਾਮੁ ਮੇਰੈ ਰਿਦੈ ਸਿੰਚਾ।

(ਧਨਾਸਰੀ ਮਹਲਾ ੫ ਪੰਨਾ ੬੮੭)

ਆਪ ਜੀ ਨੇ ਗੁਰਮੰਤ੍ਰ ਨਾ ਲੈਣ ਵਾਲੇ ਪ੍ਰਾਣੀ ਵਾਸਤੇ ਸਹਸ ਕ੍ਰਿਤੀ ਸਲੋਕਾਂ ਵਿਚ ਇਹੋ ਜਿਹੇ ਸ਼ਬਦ ਵਰਤੇ ਹਨ ਕਿ ਜੇ ਕੋਈ ਸਾਧਾਰਣ ਵਿਅਕਤੀ ਇਸ ਤਰਾਂ ਦਾ ਕੋਈ ਸ਼ਬਦ ਕਿਸੇ ਨੂੰ ਆਖੇ ਤਾ ਉਹ ਸੁਣ ਨਹੀਂ ਸਕਦਾ। ਸ੍ਰੀ ਗੁਰੂ ਜੀ ਦਾ ਫੁਰਮਾਨ ਹੈ—

ਗੁਰਮੰਤ੍ਰ ਹੀਣਸ੍ਯ ਜੋ ਪ੍ਰਾਣੀ
ਧ੍ਰਿਗੰਤ ਜਨਮ ਭ੍ਰਸਟਣਹ।
ਕੂਕਰਹ ਸੂਕਰਹ ਗਰਧਭਹ
ਕਾਕਹ ਸਰਪਨਹ ਤੁਲ ਖਲਹ।

ਭਾਵ, ਜਿਸ ਮਨੁਖ ਨੇ ਸਤਿਗੁਰੂ ਪਾਸੋਂ ਗੁਰਮੰਤ੍ਰ (ਨਾਮ) ਨਹੀਂ ਲਿਆ ਉਹ ਕੁਤੇ, ਸੂਰ, ਗਧੇ, ਕਾਂ ਅਤੇ ਸਰਪ ਵਰਗਾ ਵੀ ਨਹੀਂ। ਗੁਰਮੰਤ੍ਰ ਕੰਨ ਵਿਚ ਹੀ ਸੁਣਿਆਂ ਜਾ ਸਕਦਾ ਹੈ ਅਤੇ ਕੰਨ ਵਿਚ ਸੁਣਾਉਣ ਦੀ ਸ਼ਕਤੀ ਕੇਵਲ ਦੇਹਧਾਰੀ ਦੀ ਹੀ ਹੈ। ਆਪ ਫੁਰਮਾਉਂਦੇ ਹਨ—

ਮਨਹਿ ਪ੍ਰਗਾਸੁ ਭਇਓ ਭ੍ਰਮੁ ਨਾਠਿਓ
ਮੰਤ੍ਰੁ ਦੀਓ ਗੁਰ ਕਾਨ।

(ਕਾਨੜਾ ਮਹਲਾ ੫ ਪੰਨਾ ੧੩੦੨)

ਗਿਆਨੀ ਗਿਆਨ ਸਿੰਘ ਜੀ ਸਿਖ ਪੰਥ ਵਿਚ ਇਕ ਪ੍ਰਸਿਧ ਇਤਿਹਾਸਕਾਰ ਹੋਏ ਹਨ। ਆਪਨੇ ੨੬ ਪੁਸਤਕਾਂ ਪੰਜਾਬੀ ਅਤੇ ੯ ਉਰਦੂ ਵਿਚ ਲਿਖੀਆਂ ਹਨ। ਆਪ ਦੇ ਲਿਖੇ ਹੋਏ ਪੰਥ ਪ੍ਰਕਾਸ਼ ਦੀ ਪਹਿਲੀ ਤੋਂ ਬਾਦ ਦੀਆਂ ਐਡੀਸ਼ਨਾਂ ਵਿਚ ਇਹ ਦੋਹਰੇ 'ਸ੍ਰੀ ਮੁਖ ਵਾਕ'

---

*'ਬੇਦ' ਤੋਂ ਭਾਵ ਏਥੇ ਉਹ ਪੁਸਤਕਾਂ ਹਨ ਜਿਨਾਂ ਤੋਂ ਗਿਆਨ ਜਾਂ ਇਲਮ ਦੀ ਪ੍ਰਾਪਤੀ ਹੁੰਦੀ ਹੋਵੇ।



Sri Satguru Jagjit Singh Ji Elibrary NamdhariElibrary@gmail.com

(ਦਸਮੇਸ਼ ਜੀ ਵਲੋਂ) ਉਚਾਰੇ ਹੋਏ ਦਸੇ ਗਏ ਹਨ—

ਆਗਿਆ ਭਈ ਅਕਾਲ ਕੀ
ਤਬੀ ਚਲਾਇਓ ਪੰਥ ।
ਸਭ ਸਿਖਨ ਕੋ ਹੁਕਮ ਹੈ
ਗੁਰੂ ਮਾਨੀਓ ਗਰੰਥ ।
ਗੁਰੂ ਗਰੰਥ ਜੀ ਮਾਨੀਓ
ਪ੍ਰਗਟ ਗੁਰਾਂ ਕੀ ਦੇਹ ।
ਜਾਂ ਕਾ ਹਿਰਦਾ ਸੁਧ ਹੈ
ਖੋਜ ਸ਼ਬਦ ਮੈਂ ਲੇਹ ।

ਇਹ ਦੋਹਰੇ ਗਿਆਨੀ ਜੀ ਨੇ ਆਪ ਲਿਖੇ ਹੋਣ, ਲਿਖਵਾਏ ਗਏ ਹੋਣ ਜਾਂ ਬਾਦ ਵਿਚ ਦੀ ਅਖੇਪਕਾਰੀ ਹੋਵੇ, ਇਹ ਪ੍ਰਸ਼ਨ ਵੀਚਾਰਨ ਵਾਲਾ ਹੈ । ਇਸ ਵਿਚ ਦੋ ਕਾਰਣ ਹਨ । ਪਹਿਲਾਂ ਤਾਂ ਏਹ ਕਿ ਇਨਾਂ ਦੋਹਰਿਆਂ ਤੋਂ ਬਾਦ ਜਿਥੇ ਗਿਆਨੀ ਜੀ ਦੀ ਆਪਣੀ ਕਵਿਤਾ ਆਰੰਭ ਹੁੰਦੀ ਹੈ ਓਥੇ ਏਨਾਂ ਬਾਰੇ ਲਿਖਿਆ ਹੈ—

ਲਿਖੇ ਕੇਸਰਾ ਸਿੰਘ ਦੀ ਸਾਖੀ,
ਮਾਹਿ ਵਾਰਤਕ ਹੈ ਜੋ ਭਾਖੀ ।

ਭਾਵ, ਕਿ ਏਹ ਕੇਸਰ ਸਿੰਘ ਛਿਬਰ ਨੇ ਜੋ ਬੰਸਾਵਲੀ ਨਾਮਾ ਲਿਖਿਆ ਹੈ ਅਤੇ ਜੋ ਕਵਿਤਾ ਵਿਚ ਨਹੀਂ ਲਿਖੇ ਬਲਕਿ ਵਾਰਤਿਕ ਵਿਚ ਹੈ ਇਥੋਂ ਲਿਖੇ ਹਨ ਯਾਨੀ ਉਥੋਂ ਲਏ ਹਨ ।

ਗਿਆਨੀ ਜੀ ਦੀਆਂ ਆਪਣੀਆਂ ਤੁਕਾਂ ਹੀ ਇਨ੍ਹਾਂ ਦੋਹਰਿਆਂ ਦਾ 'ਸ੍ਰੀ ਮੁਖਵਾਕ' ਹੋਣਾ ਗਲਤ ਸਿਧ ਕਰ ਦਿੰਦੀਆਂ ਹਨ । 'ਦੋਹਰਾ' ਕਵਿਤਾ ਦੇ ਨਿਯਮ ਅਨੁਸਾਰ ਹੈ ਪਰ 'ਵਾਰਤਕ' ਕਵਿਤਾ ਦੇ ਬੰਧਨ 'ਚ ਨਹੀਂ । ਇਹ ਸਭ ਸਮਝਦੇ ਹਨ । ਸੋ ਏਹ ਨਿਰਣਾ ਤਾਂ ਨਿਰਵਿਰੋਧ ਸਪਸ਼ਟ ਹੈ ਕਿ ਇਹ ਦੋਹਰੇ ਸ੍ਰੀ ਮੁਖਵਾਕ ਨਹੀਂ ਹਨ । ਕਿਉਂਕਿ ਦਸਮੇਸ਼ ਜੀ ਦਾ ਜੇ ਕੋਈ ਫੁਰਮਾਨ ਹੈ ਤਾਂ ਉਹ ਕੇਸਰ ਸਿੰਘ ਛਿਬਰ ਦੇ ਬੰਸਾਵਲੀ ਨਾਮੇ ਵਿਚ ਹੈ ਜੋ ਕਵਿਤਾ ਨਹੀਂ, ਵਾਰਤਕ ਹੈ ।

ਦੂਸਰਾ ਕਾਰਣ ਏਹ ਹੈ ਕਿ ਇਨ੍ਹਾਂ ਦੋਹਰਿਆਂ ਅਨੁਸਾਰ ਗਰੰਥ ਸਾਹਿ , ਜੀ ਗੁਰੂ ਬਣ ਗਏ ਜਾਂ ਓਹ ਗਿਆਨੀ ਗਿਆਨ ਸਿੰਘ ਜੀ, ਜਿਨ੍ਹਾਂ ਵਲੋਂ ਇਹ ਲਿਖੇ ਹੋਏ ਦਸੇ ਜਾਂਦੇ ਹਨ, ਆਪ ਗਰੰਥ ਸਾਹਿਬ ਦੇ ਸਿਖ ਕਿਉਂ ਨਾ ਬਣੇ ? ਜੇ ਕਰ ਏਨਾਂ ਦੋਹਰਿਆਂ ਅਨੁਸਾਰ ਦਸਮੇਸ਼ ਜੀ ਨੇ ਆਪਣੀ ਜਗਾ ਸ੍ਰੀ ਗਰੰਥ ਸਾਹਿਬ ਨੂੰ ਸਥਾਪਨ ਕਰ ਦਿਤਾ ਸੀ ਤਾਂ ਗਿਆਨੀ ਜੀ ਨੂੰ ਆਤਮਿਕ ਸ਼ਾਂਤੀ ਵਾਸਤੇ ਗੁਰੂ ਲਭਣ ਦੀ ਲੋੜ ਕਿਉਂ ਪਈ ਅਤੇ ਆਪ ਨੇ ਕਿਤਨਾ ਚਿਰ ਆਤਮਿਕ ਗਿਆਨ ਲੈਣ ਲਈ ਗੁਰੂ ਲਭਦਿਆਂ ਕਿਉਂ ਬਿਤਾਇਆ ?

ਗਿਆਨੀ ਜੀ ਲਿਖਦੇ ਹਨ—

ਘਰ ਤੇ ਨਿਕਸ ਫਿਰਿਓ ਆਵਾਰੇ,
ਬਹੁ ਭੇਖਨ ਕੇ ਗਹਿਓ ਦਵਾਰੇ ।
ਗਯਾਨ ਬ੍ਰਹਮਾਤਮ ਦਾਨ ਨ ਦੇ ਹੈ ।
ਭੇਖ ਰੇਖ ਦੋਨੋ ਦਿਢ ਕੇ ਹੈ ।

ਸ੍ਰੀ ਗੁਰ ਪੰਥ ਪ੍ਰਕਾਸ਼ ਉਤ੍ਰਾਰਧ
ਬਿਸ੍ਰਾਮ ੬੦)

ਗਿਆਨੀ ਜੀ ਨੇ ਕਿਤਨੇ ਹੀ ਭੇਖਾਂ ਨੂੰ ਫਿਰ ਫਿਰ ਕੇ ਤਕਿਆ ਅਤੇ ਆਪ ਕੁਝ ਚਿਰ ਗੁਲਾਬ ਦਾਸੀਆਂ ਵਿਚ ਵੀ ਰਹੇ । ਪਰ ਆਪ ਨੂੰ ਨਿਰਮਲ ਭੇਖ ਠੀਕ ਲਗਿਆ । ਆਪ ਲਿਖਦੇ ਹਨ—

ਸੰਤ ਨਿਰਮਲੇ ਫਿਰ ਜਬ ਪੇਖੇ
ਧੀਰਜ ਤਹਿ ਇਸ ਅਧੈ ਬਿਸੇਖੇ

(ਉਤ੍ਰਾਰਧ ਬਿ: ੬੦)

ਭੇਖ ਤਾਂ ਆਪਨੇ ਚੁਣ ਲਿਆ ਪਰ ਫਿਰ ਆਪ ਨੂੰ ਇਹ ਲੋੜ ਪਈ ਕਿ ਇਸ ਭੇਖ ਵਿਚੋਂ ਕਿਹੜੇ ਮਹਾਂ-ਪੁਰਖ ਹੋਣ ਜਿਨਾਂ ਤੋਂ ਓਨਾਂ ਨੂੰ ਆਤਮਿਕ ਸ਼ਾਂਤੀ ਮਿਲੇ । ਗਿਆਨੀ ਜੀ ਦੀ ਜੀਵਨੀ ਲਿਖਦੇ ਹੋਏ ਹਰਿ-ਮੰਦਰ ਸਾਹਿਬ ਦੇ ਮੁਖ ਗਰੰਥੀ ਗਿ: ਕ੍ਰਿਪਾਲ ਸਿੰਘ ਜੀ ਲਿਖਦੇ ਹਨ—

ਇਹ ਨਿਸ਼ਚਾ ਕਰਕੇ ਹੁਣ ਉਹ
ਨਿਰਮਲੇ ਸੰਤਾਂ ਵਿਚੋਂ ਕਿਸੇ ਉਚ
ਜੀਵਨ ਵਾਲੇ ਨਾਮ ਅਭਿਆਸੀ
ਕਹਿਣੀ ਕਰਣੀ ਦੇ ਪੂਰੇ ਗੁਰਮੁਖ



Sri Satguru Jagjit Singh Ji Elibrary NamdhariElibrary@gmail.com

ਮਹਾਂ ਪੁਰਖ ਪੂਰਨ ਸੰਤ ਦੀ ਤਲਾਸ਼
ਵਿਚ ਸਨ ਜੋ ਸਿਖੀ ਦੀ
ਚਲਦੀ ਫਿਰਦੀ ਤਸਵੀਰ ਹੋਵੇ।

(ਪ੍ਰਸਤਾਵਨਾ ਸ੍ਰੀ ਗੁਰ ਪੰਥ ਪ੍ਰਕਾਸ਼ ਪੰਨਾ ੪੯)

ਗਿਆਨੀ ਜੀ ਨੇ ਬਰਨਾਲਾ ਸਥਿਤ ਡੇਰਾ ਬਾਬਾ ਗਾਂਧਾ ਸਿੰਘ ਜੀ ਦੇ ਜਾਨਸ਼ੀਨ ਸੰਤ ਬਾਬਾ ਬੀਰ ਸਿੰਘ ਦੇ ਦਰਸ਼ਨ ਕੀਤੇ ਅਤੇ ਉਨ੍ਹਾਂ ਪਾਸੋਂ ਉਪਦੇਸ਼ ਲਿਆ। ਇਸ ਵ੍ਰਿਤਾਂਤ ਦਾ ਵਰਣਨ ਗਿਆਨੀ ਜੀ ਦੀ ਆਪਣੀ ਕਲਮ ਤੋਂ ਇਉਂ ਹੈ—

ਮੋਹਨਿ ਮੂਰਤਿ ਆਨੰਦ ਪੂਰਤਿ।
ਹਰਤ ਕਦੂਰਤ ਅਜਮਤ ਸੂਰਤਿ।
ਕੋਮਲ ਚਿਤ ਸਭ ਕੇ ਹਿਤਕਾਰੀ।
ਦਾਸਨ ਕੋ ਕਰਤੇ ਭਵ ਪਾਰੀ।
ਕਾਮੀ ਕਪਟੀ ਅਧਮ ਬਿਸੇਸੈਂ।
ਹਮ ਸੇ ਅਜਗਨ ਜੀਵ ਬਿਸ਼ੇਸੈਂ।
ਪੋਤ ਪਦਮ ਪਦ ਗਹਿਕੈ ਉਨ ਕੇ।
ਭਏ ਭਵਾਂ ਬੁਧ ਧਾਮ ਅਗੁਨ ਕੇ।
ਦਰਸਨ ਪਾਇ ਸਰਸ ਉਪਦੇਸੈਂ।
ਭ੍ਰਮ ਭ੍ਰਮ ਭੰਦ ਕਲੇਸ ਅਸੇਸੈਂ।
ਤਮ ਅਗਿਆਨ ਸਕਾਰਜ ਨਾਸਾ।
ਬ੍ਰਹਮ ਗਿਆਨ ਰਵਿਉਰ ਪ੍ਰਕਾਸਾ।
ਬਚਨ ਸ੍ਰੀ ਗੁਰ ਅਰਜਨ ਕੇਰਾ।
ਸਫਲ ਔਨ ਭਹ ਨੈਨ ਸੁ ਹੇਰਾ।
'ਸਾਧ ਕੈ ਸੰਗ ਨਹੀਂ ਕਛੁ ਘਾਲ।
ਦਰਸਨ ਭੇਟਤ ਹੋਤ ਨਿਹਾਲ।'

ਦੋਹਰਾ—

ਸੁਧਾ ਦ੍ਰਵਤ ਜਿਉਂ ਚੰਦ੍ਰ ਮਨਿ,
ਕੁਮਦਿ ਖਿਰੈ ਸਸਿ ਹੇਰਿ।
ਤਿਓਂ ਦਰਸਤ ਹੀ ਉਨੈਂ ਮੈ,
ਥਯੋ ਨਿਹਾਲ ਬਧੇਰ।
ਸੰਤ ਮਹੰਤ ਅਨੰਤ ਹੀ,
ਜਾਂਨਤ ਰਿਨੈਂ ਬ੍ਰਿਤੰਤ।
ਰਾਜ ਜੋਗ ਤਿਨ ਔਨ ਕੀਯ,
ਰਵਿ ਸਮ ਭਏ ਮਹੰਤ।

(ਉਤ੍ਰਾਰਧ ਬਿ: ੬੦)

ਗਿਆਨੀ ਜੀ ਇਨ੍ਹਾਂ ਦੇ ਸਿਖ ਬਣੇ ਅਤੇ ਇਨ੍ਹਾਂ ਦੀ ਸਿਫਤ ਗਿਆਨੀ ਜੀ ਨੇ ਜੋ ਕੀਤੀ ਹੈ ਉਸ ਵਿਚ "ਸਤਿਗੁਰੂ" ਸ਼ਬਦ ਭਾਵੇਂ ਨਹੀਂ ਲਿਖਿਆ ਪਰ ਸਿਫਤ ਵਿਚ ਕੋਈ ਕਮੀ ਨਹੀਂ ਛਡੀ। ਇਹ ਕੁਛ ਏਸੇ ਕਰਕੇ ਹੈ ਕਿ ਪੁਰਸ਼ ਨੂੰ ਆਤਮਿਕ ਸ਼ਾਂਤੀ ਦੇਹਧਾਰੀ ਸਤਿਗੁਰੂ ਬਿਨਾਂ ਪ੍ਰਾਪਤ ਹੋ ਹੀ ਨਹੀਂ ਸਕਦੀ। ਪੁਸਤਕਾਂ ਨੂੰ ਤਾਂ ਪੜ੍ਹੇ ਹੋਏ ਹੀ ਪੜ੍ਹ ਸਕਦੇ ਹਨ। ਜੇ ਕੋਈ ਅਨਪੜ੍ਹ ਜਾ ਕੇ ਸ੍ਰੀ ਗਰੰਥ ਸਾਹਿਬ ਜੀ ਦਾ ਦਰਸ਼ਨ ਕਰੇ, ਪੜ੍ਹ ਉਹ ਸਕਦਾ ਨਹੀਂ ਤਾਂ ਉਹ ਨਾਮ ਦੀ ਦਾਤ ਜਾਂ ਕਿਸੇ ਤਰ੍ਹਾਂ ਦਾ ਕੋਈ ਗਿਆਨ ਕਿਸਤਰਾਂ ਪ੍ਰਾਪਤ ਕਰ ਸਕਦਾ ਹੈ? ਸਿਖਾਂ ਵਿਚ ਪੜ੍ਹੇ ਹੋਏ ਵੀ ਬਹੁਤ ਹਨ ਪਰ ਜੇ ਗਿਣਤੀ ਕੀਤੀ ਜਾਵੇ ਤਾਂ ਅਨਪੜ੍ਹ ਸ਼ਾਇਦ ਵਧ ਜਾਣ ਜਾਂ ਬਰਾਬਰ ਹੋਣ। ਜੇ ਸ੍ਰੀ ਗਰੰਥ ਸਾਹਿਬ ਜੀ ਗੁਰੂ ਹਨ ਤਾਂ ਉਨਾਂ ਦੇ ਸਿਖ ਤਾਂ ਪੜ੍ਹੇ ਹੋਏ ਹੀ ਹੋ ਸਕਦੇ ਹਨ ਅਨਪੜ੍ਹ ਨਹੀਂ ਹੋ ਸਕਦੇ।

ਪਰ ਇਹ ਨਹੀਂ, ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗਰੰਥ ਸਾਹਿਬ ਵਿਚ ਹੀ ਫੁਰਮਾਇਆ ਹੈ—

ਜੋ ਪ੍ਰਾਣੀ ਗੋਬਿੰਦ ਧਿਆਵੈ,
ਪੜਿਆ ਅਨ ਪੜਿਆ ਪਰਮ ਗਤ ਪਾਵੈ।

(ਪੰਨਾ ੧੯੭)

ਗੋਬਿੰਦ ਧਿਆਉਣ ਦੀ ਵਿਧੀ ਦੇਹਧਾਰੀ ਸਤਿਗੁਰੂ ਤੋਂ ਹੀ ਪ੍ਰਾਪਤ ਹੋ ਸਕਦੀ ਹੈ ਅਤੇ ਤਾਂ ਹੀ ਪੜ੍ਹਿਆ ਜਾਂ ਅਨਪੜ੍ਹ ਪਰਮਗਤ ਪਾ ਸਕਦਾ ਹੈ।

ਡਾ: ਤਾਰਨ ਸਿੰਘ ਜੀ ਗਰੰਥ ਸਾਹਿਬ ਨੂੰ ਗੁਰੂ ਮੰਨਣ ਦੇ ਕਾਇਲ ਹਨ। ਅਤੇ ਪੰਜਾਬੀ ਯੂਨੀਵਰਸਿਟੀ ਵਿਚ 'ਸ੍ਰੀ ਗੁਰੂ ਗਰੰਥ ਸਾਹਿਬ ਅਧਯੇਨ ਵਿਭਾਗ ਦੇ ਮੁਖੀ ਹਨ। ਉਹ ਵੀ ਇਹ ਲਿਖਦੇ ਹਨ—

"ਧਰਮ ਪੁਸਤਕਾਂ ਦੇ ਪਾਠ
ਭਗਤੀ ਨਹੀਂ ਹਨ ਉਸਦਾ



Sri Satguru Jagjit Singh Ji Elibrary NamdhariElibrary@gmail.com

ਸਾਧਨ ਹਨ"

(ਗੁਰਮਤਿ ਪ੍ਰਕਾਸ਼ ਨਵੰਬਰ
੧੯੬੮ ਪੰਨਾ ੧੮੬)

ਸੋ ਪੁਸਤਕਾਂ ਵਿਚੋਂ ਨਾਮ ਲਭਣਾ ਜਾਂ ਮੁਕਤੀ ਦੀ ਪ੍ਰਾਪਤੀ ਬਾਰੇ ਆਸਾ ਰਖਣੀ ਨਿਰਾਰਥ ਹੈ। ਨਾਮ ਦੀ ਪ੍ਰਾਪਤੀ ਦੇਹਧਾਰੀ ਸਤਿਗੁਰੂ ਪਾਸੋਂ ਹੀ ਹੁੰਦੀ ਹੈ ਅਤੇ ਜਿਗਿਆਸੂ ਨੂੰ ਇਹ ਸੋਚਣਾ ਠੀਕ ਨਹੀਂ ਕਿ ਅਮੁਕਾ ਕੰਮ ਕਰ ਲਵਾਂ ਫੇਰ ਨਾਮ ਪੁਛ ਲਵਾਂਗਾ ਜਾਂ ਫਲਾਣੀ ਤ੍ਰੀਕ ਨੂੰ ਜ ਕੇ ਨਾਮ ਪੁਛਾਂਗਾ ਅਤੇ ਆਪਣੀ ਜੀਵਨ ਯਾਤਰਾ ਸਫਲ ਕਰਾਂਗਾ। ਇਸ ਸ਼ੁਭ ਕਾਰਜ ਵਾਸਤੇ ਉਡੀਕ ਕਰਨੀ ਠੀਕ ਨਹੀਂ।

ਸ੍ਰੀ ਗੁਰੂ ਰਾਮਦਾਸ ਜੀ ਬਿਹਾਗੜੇ ਰਾਗ ਵਿਚ ਫਰਮਾਉਂਦੇ ਹਨ—

ਸਭ ਜਾਇ ਮਿਲਹੁ ਸਤਿਗੁਰੂ ਕਉ,
ਮੇਰੀ ਜਿੰਦੁੜੀਏ ਜੋ ਹਰਿ ਹਰਿ ਨਾਮ,
ਦ੍ਰਿੜਾਵੈ ਰਾਮ। ਹਰਿ ਜਪਦਿਆ
ਖਿਨੁ ਢਿਲ ਨਾ ਕੀਜਈ ਮੇਰੀ ਜਿੰਦੁੜੀਏ
ਮਤੁ ਕਿ ਜਾਪੈ ਸਾਹੁ ਆਵੈ ਕਿ ਨ ਆਵੈ ਰਾਮ।

(ਪੰਨਾ ੬੪੦)

## ਸਹਾਇਤਾ

ਨਿਰੀਖਿਅਕ ਦੇ ਪਹਿਲੇ ਅੰਕ ਦੇ ਵਿਚਲੇ ਛਪੇ ਲੇਖਾਂ ਤੇ ਇਸ ਦੀ ਚੰਗੀ ਦਿੱਖ ਨੂੰ ਦੇਖਦਿਆਂ ਹੋਇਆਂ ਹੇਠ ਲਿਖੇ ਦਾਨੀ ਸਜਣਾਂ ਵਲੋਂ ਜੋ ਮਾਇਆ ਸਹਾਇਤਾ ਵਾਸਤੇ ਭੇਜੀ ਗਈ ਹੈ ਨਿਰੀਖਿਅਕ ਵਲੋਂ ਉਹਨਾਂ ਦਾ ਬਹੁਤ ਬਹੁਤ ਧੰਨਵਾਦ।

੧. *ਗੁਪਤ ਸਹਾਇਤਾ (ਜਿਹਨਾਂ ਨੇ ਆਪਣਾ ਨਾਂ ਨਹੀਂ ਦਸਿਆ) ਪੰਜ ਸੋ ਰੁਪਏ।*

੨. *ਸੰਤ ਮਹਿੰਦਰ ਸਿੰਘ ਜੀ ਬਾਲੀ ਨਗਰ ਵਾਲਿਆਂ ਵਲੋਂ ਇਕ ਸੋ ਰੁਪਏ।*

੩. *ਸੰਤ ਲਾਭ ਸਿੰਘ ਜੀ ਨੇ ਆਪਣੇ ਸਪੁੱਤਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ ਗਿਆਰਾਂ ਰੁਪਏ।*



Sri Satguru Jagjit Singh Ji Elibrary NamdhariElibrary@gmail.com

# ਧਰਤੀ ਹੋਰ ਪਰੇ ਹੋਰ ਹੋਰ

ਅਨੁਵਾਦਕ : ਠਾਕੁਰ ਦਲੀਪ ਸਿੰਘ ਜੀ

ਅਜ ਦੇ ਪਦਾਰਥਵਾਦ ਸਮੇਂ ਵਿਚ ਜਦੋਂ ਕਿ ਧਰਮ ਨੂੰ ਤਿਲਾਂਜਲੀ ਦਿਤੀ ਜਾ ਰਹੀ ਹੈ, ਧਰਮੀ ਮਹਾਂ-ਪੁਰਸ਼ਾਂ ਦੀਆਂ ਕਹੀਆਂ ਹੋਈਆ ਗਲਾਂ ਸਚੀਆਂ ਦਿਸਣ ਲਗ ਪਈਆਂ ਹਨ। ਅਜ ਇਸ ਧਰਤੀ ਤੋਂ ਇਲਾਵਾ ਕਈ ਹੋਰ ਧਰਤੀਆਂ ਬਾਰੇ ਵੀ ਪਤਾ ਲਗ ਰਿਹਾ ਹੈ ਅਤੇ ਉਸ ਉਪਰ ਰਹਿ ਰਹੇ ਮਨੁਖੀ ਜੀਵਨ ਬਾਰੇ ਜਦੋਂ ਕਿ ਤੁਸੀਂ ਸੋਚ ਵੀ ਨਹੀਂ ਸਕਦੇ ਨੇ ਇਕ ਪਹਿਲਾ ਤੇ ਅਨੋਖਾ ਕ੍ਰਿਸ਼ਮਾ ਕਰ ਵਿਖਾਇਆ ਹੈ ਜੋ ਕਿ ਦੁਨੀਆਂ ਲਈ ਇਕ ਅਚੰਭਾ ਜਿਹਾ ਬਣ ਗਿਆ ਹੈ। ਇਸ ਬਾਰੇ ਅਮਰੀਕਾ ਦੇ ਇਨਕੁਆਰਿਰ ਦੇ ਐਡੀਟਰਾਂ ਸ੍ਰੀ ਵਿਲਿਅਮ ਡਿੱਕ ਅਤੇ ਹੈਨਰੀ ਗਰਿਜ਼ ਕੋਲੋਂ ਰੂਸ ਦੇ ਇਕ ਮੁਖੀ ਸ਼ਹਿਰ ਪੈਟਰੋਜ਼ੈਵੋਸਕ ਤੇ ਹੋਏ ਇਸ ਉੱਡਣ ਤਸ਼ਤਰੀ ਦੇ ਹਮਲੇ ਬਾਰੇ ਪੜ੍ਹੋ—

ਉੱਡਣ-ਤਸ਼ਤਰੀ ਜਿਸ ਨੂੰ ਯੂ. ਐਫ. ਓ. (ਅਨ ਆਈਡੈਂਟੀਫਾਈਡ ਫਲਾਇੰਗ ਅਬਜੈਕਟ) ਕਿਹਾ ਜਾਂਦਾ ਹੈ। ਮੱਛੀ ਦੀ ਸ਼ਕਲ ਵਾਂਗ ਤੇ ਇਕ ਫੁਟਬਾਲ ਦੇ ਮੈਦਾਨ ਜਿੰਨੀ ਵਡੀ ਨੇ ਰੂਸ ਦੇ [ਇਕ ਸ਼ਹਿਰ ਤੇ ਹਮਲਾ ਕੀਤਾ ਅਤੇ ਬਹੁਤ ਸੁਨਹਿਰੀ ਰੋਸ਼ਨੀ ਦੀਆਂ ਕਿਰਣਾਂ ਹੇਠਾਂ ਸੁਟੀਆਂ ਜਿਸ ਨੇ ਬਾਰੀਆਂ ਦੇ ਸ਼ੀਸ਼ਿਆਂ ਅਤੇ ਰਸਤੇ ਦੇ ਪਥਰਾਂ ਵਿਚ ਛੇਕ ਕਰ ਦਿਤੇ। ਉਥੋਂ ਦੇ ਸੈਂਕੜੇ ਵਸਨੀਕਾਂ ਦੇ ਅਖੀਂ ਵੇਖਣ ਅਨੁਸਾਰ।

ਇਹ ਡਰਾਉਣੀ ਘਟਨਾ ਸਭ ਤੋਂ ਪਹਿਲੀ ਘਟਨਾ ਹੈ ਜਿਸ ਨੇ ਸ਼ਹਿਰ ਵਿਚ ਤਬਾਹੀ ਕੀਤੀ। ਇਹ ਵਡੀ ਚੀਜ਼ ਜਦੋਂ ਪੈਟਰੋਜ਼ੈਵੋਸਕ ਸ਼ਹਿਰ ਵਿਚ ਪਿਛਲੀ ਸਤੰਬਰ ਦੀ ਵੀਹ ਤਰੀਕ ਨੂੰ ਸਵੇਰ ਦੇ ਲਗ-ਭਗ ਚਾਰ ਵਜੇ ਦਿਖਾਈ ਦਿਤੀ ਤਾਂ ਇਸ ਨੇ ਕਾਲੇ ਅਸਮਾਨ ਨੂੰ ਰੁਸ਼ਨਾ ਦਿਤਾ ਅਤੇ ਇਹ ਤਕਰੀਬਨ 12 ਮਿੰਟ ਤਕ ਦੇਖੀ ਗਈ।

ਜਦੋਂ ਸ਼ਹਿਰ ਦੇ ਨਿਵਾਸੀਆਂ ਨੇ ਯੂ. ਐਫ. ਓ. ਨੂੰ ਵੇਖਿਆ ਤਾਂ ਬਹੁਤ ਸਾਰੇ ਡਰ ਨਾਲ ਬੇਹੋਸ਼ ਹੋ ਗਏ। ਸਮੁੰਦਰ ਦੇ ਕੰਢੇ ਤੇ ਰਹਿਣ ਵਾਲੇ ਇਕ ਟੋਲੇ ਨੇ ਇਸ ਡਰ ਤੋਂ ਕਿ ਇਹ ਸ਼ਹਿਰ ਅਮਰੀਕਾ ਦੇ ਪ੍ਰਮਾਣੂ ਹਮਲੇ ਦਾ ਨਿਸ਼ਾਨਾ ਸੀ ਤਾਂ ਉਹ ਇਹ ਕਹਿੰਦੇ ਹੋਏ ਕਿ 'ਇਹ ਅੰਤ ਹੈ' ਉਥੋਂ ਸਰਕਣਾ ਸ਼ੁਰੂ ਕਰ ਦਿਤਾ।



Sri Satguru Jagjit Singh Ji Elibrary NamdhariElibrary@gmail.com

ਸੋਵੀਅਤ ਸਰਕਾਰ ਨੇ ਜਲਦੀ ਹੀ ਇਕ ਉਚ ਪਧਰੀ ਵਿਗਿਆਨਕ ਪੜਤਾਲ ਸ਼ੁਰੂ ਕਰ ਦਿਤੀ ਅਤੇ ਇਸ ਦੀ ਪੜਤਾਲ ਦੀ ਸੁਰੱਖਿਆ ਪ੍ਰਤੀ ਕਰੜਾ ਰਵੱਈਆ ਅਪਣਾਇਆ। ਫੇਰ ਵੀ 'ਇਨਕੁਆਇਰਰ' ਇਸ ਗਲ ਵਿਚ ਕਾਮਯਾਬ ਹੋ ਗਿਆ ਕਿ ਉਹ ਸਰਕਾਰੀ ਗੁਪਤ ਭੇਦਾਂ ਨੂੰ ਜਿਹੜੇ ਕਿ ਘਟਨਾ ਨਾਲ ਸਬੰਧਿਤ ਹਨ, ਜਾਣ ਸਕੇ ਅਤੇ 'ਤਾਸ' ਜਿਹੜੀ ਕਿ ਸਰਕਾਰੀ ਸੋਵੀਅਤ ਨਿਊਜ਼ ਏਜੰਸੀ ਹੈ, ਦੇ ਐਡੀਟਰ ਅਤੇ ਰਿਪੋਰਟਰ ਰੂਸ ਦੇ ਪ੍ਰਮੁਖ ਵਿਗਿਆਨੀਆਂ ਨਾਲ ਇਸ ਸਬੰਧ ਵਿਚ ਪੂਰੀ ਮੁਲਾਕਾਤ ਕਰ ਸਕੇ। ਜਿਨ੍ਹਾਂ ਵਿਚੋਂ ਕੁਝ ਨੂੰ ਇਹ ਪਕਾ ਯਕੀਨ ਸੀ ਕਿ ਯੂ. ਐਫ. ਓ. ਦੂਜੇ ਸੰਸਾਰ ਦਾ ਪੁਲਾੜੀ ਉਪ ਗ੍ਰਹਿ ਸੀ। ਉਹਨਾਂ ਅਤੇ ਹੋਰਾਂ ਗਵਾਹਾਂ ਨੇ 'ਇਨਕੁਆਇਰਰ' ਨੂੰ ਦਸਿਆ—ਸਰਕਾਰੀ ਪੜਤਾਲੀਆਂ ਨੇ ਇਹ ਪਾਇਆ ਕਿ ਯੂ.ਐਫ. ਓ. ਦੀਆਂ ਰੋਸ਼ਨੀ ਦੀਆਂ ਕਿਰਣਾਂ ਨੇ ਖਿੜਕੀਆਂ ਦੇ ਸ਼ੀਸਿਆਂ ਵਿਚ ਕਈ ਪ੍ਰਕਾਰ ਦੇ ਆਕਾਰ ਦੇ ਛੇਕ ਕਰ ਦਿਤੇ ਸਨ।

ਇਹ ਹੈਰਾਨੀ ਦੀ ਗਲ ਹੈ ਕਿ ਯੂ. ਐਫ. ਓ. ਪੈਟਰੋਜ਼ੋਵੋਸਕ ਸ਼ਹਿਰ ਵਿਚ ਅਗਲੇ ਪੰਜ ਜਾਂ ਛੇ ਮਹੀਨਿਆਂ ਵਿਚ ਹਰ ਮਹੀਨੇ ਪੰਜ ਜਾਂ ਛੇ ਵਾਰ ਵਿਖਾਈ ਦਿਤੀ। 185,000 ਲੋਕਾਂ ਦੇ ਸ਼ਹਿਰ ਉਪਰ ਪਿਛਲਾ ਦ੍ਰਿਸ਼ 'ਝੀਲ ਉਨੇਗਾ' ਦੇ ਪਛਮੀ ਘਾਟ ਤੇ 20 ਫਰਵਰੀ ਨੂੰ ਵੇਖਿਆ ਗਿਆ।

ਅਲੈਗਜ਼ਾਂਡਰ ਕਾਜ਼ਨਤਸੇਵ ਜਿਹੜਾ ਕਿ ਲਿਖਾਰੀ, ਭੌਤਿਕ ਵਿਗਿਆਨੀ, ਯੂ. ਐਫ. ਓ. ਦਾ ਪੜਤਾਲੀਆ ਅਤੇ ਮਾਸਕੋ ਵਿਚ ਭੌਤਿਕ ਵਿਗਿਆਨ ਦੀ ਖੋਜ ਦੇ ਗਰੁਪ ਦਾ ਮੁਖੀ ਹੈ, ਨੇ 'ਇਨਕੁਆਇਰਰ' ਨੂੰ ਦਸਿਆ ਕਿ ਸੋਵੀਅਤ ਵਿਗਿਆਨਕਾਂ ਦੀ ਅਕੈਡਮੀ ਦੇ ਇਕ ਖਾਸ ਕਮਿਸ਼ਨ ਨੂੰ ਇਸ ਘਟਨਾ ਦੀ ਪੜਤਾਲ ਕਰਨ ਲਈ ਥਾਪਿਆ ਗਿਆ, ਜਿਸ ਨੇ ਇਹ ਮਲੂਮ ਕੀਤਾ ਕਿ—ਰੋਸ਼ਨੀ ਦੀਆਂ ਕਿਰਣਾ ਨੇ ਖਿੜਕੀਆਂ ਦੇ ਸ਼ੀਸ਼ਿਆਂ ਅਤੇ ਪਥਰ ਦੇ ਫਰਸ਼ ਵਿਚ ਮੋਰੀਆਂ ਕੀਤੀਆਂ।

ਉਸ ਨੇ ਕਿਹਾ ਕਿ ਜਿਥੋਂ ਤਕ ਮੈਂ ਸਬੰਧਤ ਹਾਂ ਇਹ ਉਪ ਗ੍ਰਹਿ ਕਿਸੇ ਬਾਹਰੀ ਵਾਯੂ ਮੰਡਲ ਤੋਂ ਸੀ ਜਿਸ ਨੇ ਉਥਲ ਪੁਥਲ ਮਚਾਈ।

ਕਾਜ਼ਨਤਸੇਵ (Kazantsev) ਨੇ ਇਕ ਡਾਕਟਰ ਦਾ, ਉਸ ਦੇ ਸਹਾਇਕ ਅਤੇ ਐਮਬੂਲੈਂਸ ਕਾਰ ਦੇ ਡਰਾਈਵਰ ਜਿਸ ਦੀ ਕਿ ਕਾਰ ਬਿਨਾਂ ਕਿਸੇ ਗਲ ਤੇ ਯੂ. ਐਫ. ਓ. ਦੇ ਦਿਖਾਈ ਦੇਣ ਤੇ ਕਾਬੂ ਤੋਂ ਬਾਹਰ ਹੋ ਗਈ, ਦੀ ਅਖੀਂ ਡਿਠੀ ਗਵਾਹੀ ਨੂੰ ਬਿਆਨ ਕੀਤਾ ਹੈ। ਕਾਜ਼ਨਤਸੇਵ ਨੇ ਕਿਹਾ ਕਿ ਉਹਨਾਂ ਨੇ ਇਹ ਰਿਪੋਰਟ ਦਿਤੀ ਕਿ ਯੂ ਐਫ. ਓ. ਨੇ ਰੋਸ਼ਨੀ ਦੀਆਂ ਸੁੰਦਰ ਕਿਰਣਾਂ ਹੇਠ ਸੁਟੀਆਂ। ਕਾਜ਼ਨਤਸੇਵ ਨੇ ਕਿਹਾ ਕਿ ਜਦੋਂ ਇਹ ਚੀਜ਼ ਸ਼ਹਿਰ ਉਪਰ ਰਹੀ ਤਾਂ ਸ਼ਹਿਰ ਪੂਰੇ 12 ਮਿੰਟ ਲਈ ਇਸ ਰੋਸ਼ਨੀ ਵਿਚ ਨਹਾਉਂਦਾ ਰਿਹਾ। ਫੇਰ ਇਹ ਅਚਾਨਕ ਹਿਲੀ ਤੇ ਝੀਲ ਉਨੇਗਾ ਦੇ ਉਤਰੀ ਸਿਰੇ ਤੋਂ ਹੁੰਦੀ ਹੋਈ ਉਤਰ ਪੂਰਬ ਨੂੰ ਚਲੀ ਗਈ ਅਤੇ ਫਿਰ ਬੱਦਲਾਂ ਦੇ ਇਕ ਝੁੰਡ ਵਿਚ ਗਾਇਬ ਹੋ ਗਈ।

Vladimir Azhazhe, ਜਿਹੜਾ ਕਿ ਮਾਸਕੋ ਦਾ ਭੌਤਿਕ ਵਿਗਿਆਨੀ, ਸਮੁੰਦਰ ਦਾ ਖੋਜੀ, ਲਿਖਾਰੀ ਅਤੇ ਲੈਕਚਰਾਰ ਹੈ ਨੇ ਯੂ. ਐਫ. ਓ. ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ :

ਬੰਦਰਗਾਹ ਉਪਰ ਇਹ ਚੀਜ਼ ਨੀਵੀਂ ਆਈ ਅਤੇ ਇਸ ਨੇ ਇਕ 465 ਫੁਟ ਲੰਬੇ ਜਹਾਜ਼ ਨੂੰ ਜਿਹੜਾ ਕਿ ਲੰਗਰ ਪਾਈ ਖੜ੍ਹਾ ਸੀ, ਉਪਰ ਚੱਕਰ ਕਟੇ। ਯੂ. ਐਫ. ਓ. ਦੇ ਆਕਾਰ ਨੂੰ ਜਹਾਜ਼ ਦੀ ਲੰਬਾਈ ਨਾਲ ਤੁਲਨਾ ਕਰਨ ਤੇ ਸਿਟਾ ਨਿਕਲਿਆ ਕਿ ਯੂ. ਐਫ. ਓ. ਦਾ ਘੇਰਾ 351 ਫੁਟ ਸੀ। ਜਦੋਂ ਯੂ. ਐਫ. ਓ. ਝੀਲ ਉਨੇਗਾ ਵਲ ਵਧੀ ਤਾਂ ਕਈ ਡਰਾਈਵਰਾਂ ਨੇ ਇਸ ਦਾ ਪਿਛਾ ਕੀਤਾ। ਯੂ. ਐਫ. ਓ. ਬਗੈਰ ਗਤੀ ਦੇ ਝੀਲ ਉਪਰ ਲਟਕਦੀ ਰਹੀ।

"ਥੋੜੇ ਸਮੇਂ ਪਿਛੋਂ ਇਕ ਬਹੁਤ ਛੋਟੀ ਵਸਤੂ



Sri Satguru Jagjit Singh Ji Elibrary NamdhariElibrary@gmail.com

ਮੁਖ ਵਸਤੂ ਤੋਂ ਵਖਰੀ ਹੋ ਗਈ ਅਤੇ ਸਿਧੀ ਪਾਣੀ ਵਿਚ ਗਿਰ ਕੇ ਅਲੋਪ ਹੋ ਗਈ। ਇਸ ਪਲ ਮੁਖ ਵਸਤੂ ਅਚਾਨਕ ਚਲੀ ਗਈ ਅਤੇ ਜਲਦੀ ਹੀ ਬੱਦਲਾਂ ਦੇ ਪਰਦੇ ਪਿਛੇ ਅਲੋਪ ਹੋ ਗਈ।"

ਨਿਕੋਲਾਈ ਮਿਲੋਵ ਜਿਹੜਾ ਕਿ 'ਤਾਸ' ਦਾ ਪਤਰਕਾਰ ਹੈ, ਨੇ 'ਇਨਕੁਆਇਰਰ' ਨੂੰ ਦਸਿਆ ਕਿ ਉਸ ਨੇ ਪੇਟਰੋਜ਼ੇਵੋਸਕ ਦੇ ਸੈਂਕੜੇ ਨਿਵਾਸੀਆਂ ਨਾਲ ਮੁਲਾਕਾਤ ਕੀਤੀ। ਉਸ ਨੇ ਯੂ ਐਫ. ਓ. ਦੇ ਵਡੇ ਆਕਾਰ ਅਤੇ ਸ਼ਕਲ ਬਾਰੇ ਪਕਾ ਪਤਾ ਕੀਤਾ। ਮਿਲੋਵ ਨੇ ਇਹ ਬਿਆਨ ਕੀਤਾ ਕਿ ਇਕ ਸਤੇ ਹੋਏ ਘਰ ਦੀ ਖਿੜਕੀ ਦੇ ਸ਼ੀਸ਼ੇ ਵਿਚ ਪਈ ਮੋਰੀ ਮੁਰਗੀ ਦੇ ਅੰਡੇ ਨਾਲੋਂ ਥੋੜ੍ਹੀ ਜਿਹੀ ਵਡੀ ਸੀ। ਉਸ ਸਮੇਂ ਤੋਂ ਹੀ ਖਿੜਕੀ ਮਾਸਕੋ ਲਿਜਾਈ ਗਈ ਹੈ (ਪੜਤਾਲ ਦੇ ਇਕ ਹਿਸੇ ਵਜੋਂ) ਵਿਸ਼ੇਸ਼ ਗਲ ਇਹ ਹੈ ਕਿ ਸ਼ੀਸ਼ੇ ਦਾ ਅੰਡਾ ਆਕਾਰ ਟੁਕੜਾ ਬਿਲਕੁਲ ਸੁਰਖਿਅਤ ਰਿਹਾ। ਇਹ ਭੀ ਫਰਸ਼ ਤੋਂ ਚੁਕ ਕੇ ਮਾਸਕੋ ਭੇਜਿਆ ਗਿਆ। ਮਿਲੋਵ ਨੇ ਕਿਹਾ ਕਿ ਜਿਹਨਾਂ ਲੋਕਾਂ ਨੇ ਯੂ.ਐਫ.ਓ. ਨੂੰ ਵੇਖਿਆ ਅਜੀਬੋ ਕਰੀਬ ਪ੍ਰਗਟਾਵਾ ਕੀਤਾ ਜਿਵੇਂ ਕਿ ਉਹ ਬੀਮਾਰ ਹੋ ਗਏ ਸਨ ਅਤੇ ਮਾਨਸਿਕ ਤੌਰ ਤੇ ਘਬਰਾ ਗਏ ਸਨ।

"ਮੇਰੇ ਮਨ ਵਿਚ ਕੋਈ ਸ਼ੱਕ ਨਹੀਂ ਸੀ ਜਦੋਂ ਮੈਂ ਉਹਨਾਂ ਕੋਲੋਂ ਪੁਛ ਗਿੱਛ ਕੀਤੀ, ਕਿਉਂਕਿ ਮੈਂ ਉਨ੍ਹਾਂ ਲੋਕਾਂ ਨੂੰ ਮਿਲ ਰਿਹਾ ਸੀ ਜਿਹਨਾਂ ਨੇ ਨਾ-ਵਿਸ਼ਵਾਸ ਕਰਨ ਵਾਲੀ ਘਟਨਾ ਨੂੰ ਖੁਦ ਵੇਖਿਆ ਸੀ।"

"ਕੁਝ ਬੇਹੋਸ਼ ਹੋ ਗਏ ਸਨ। ਜਦੋਂ ਸਮੁੰਦਰ ਦੇ ਕੰਢੇ ਤੇ ਰਹਿਣ ਵਾਲੇ ਇਕ ਟੋਲੇ ਨੇ, ਜਿਹੜਾ ਕਿ ਬੰਦਰਗਾਹ ਤੇ ਕੰਮ ਕਰ ਰਿਹਾ ਸੀ, ਨੇ ਯੂ. ਐਫ. ਓ. ਨੂੰ ਵੇਖਿਆ, ਉਹ ਇਹ ਚਿਲਾਉਂਦੇ ਹੋਏ ਉਥੋਂ ਖਿਸਕਣੇ ਸ਼ੁਰੂ ਹੋ ਗਏ ਕਿ 'ਇਹ ਅੰਤ ਹੈ'। ਉਹਨਾਂ ਦਾ ਵਿਸ਼ਵਾਸ ਸੀ ਕਿ ਇਹ ਇਕ ਪ੍ਰਮਾਣੂ ਹਥਿਆਰ ਸੀ ਜਿਹੜਾ ਕਿ ਉਹਨਾਂ ਦੇ ਸਿਰਾਂ ਉਪਰ ਫਟਣ ਵਾਲਾ ਸੀ ਅਤੇ ਇਹ ਅਮਰੀਕਾ ਵਲੋਂ ਭੇਜਿਆ ਗਿਆ ਸੀ।"

ਵਿਲੋਵ ਨੇ ਕਿਹਾ, "ਉਹ ਅਕਲੋਂ ਬੇਅਕਲ ਹੋ ਕੇ ਡਿਗ ਪਏ"। ਕਿਉਂਕਿ ਯੂ. ਐਫ. ਓ. ਉਂਜ ਉਸ ਦਿਨ ਉਤਰੀ ਰੂਸ ਦੇ ਬਹੁਤ ਸਾਰੇ ਸ਼ਹਿਰਾਂ ਉਪਰ ਦੇਖਿਆ ਗਿਆ ਸੀ ਤਾਂ ਮਿਲੋਵ ਨੇ ਇਹ ਮੰਨਿਆ ਕਿ 'ਉਹਨਾਂ ਦਾ ਇਕ ਦਸਤਾ ਰੂਸ ਦੇ ਉਪਰ ਉਡਿਆ।'

ਮਿਲੋਵ ਨੇ ਕਿਹਾ ਕਿ ਪਿਛਲੀ ਸਤੰਬਰ ਦੇ ਯੂ. ਐਫ. ਓ. ਦੇ ਮੁਢਲੇ ਦ੍ਰਿਸ਼ ਤੋਂ ਇਹ ਵਸਤੂ ਅਗਲੇ ਪੰਜ ਮਹੀਨਿਆਂ ਲਈ ਇਕ ਮਹੀਨੇ ਵਿਚ ਪੰਜ ਜਾਂ ਛੇ ਵਾਰ ਪੇਟਰੋਜੇਵੋਸਕ ਸ਼ਹਿਰ ਉਪਰ ਚੱਕਰ ਕਟਣ ਲਈ ਪਰਤੀ, ਪਰ ਇਸ ਨੇ ਸ਼ਹਿਰ ਨੂੰ ਹੋਰ ਨੁਕਸਾਨ ਨਾ ਪਹੁੰਚਾਇਆ।

ਉਸ ਨੇ ਕਿਹਾ, "ਪਿਛਲੀ ਵਾਰ ਇਹ ਇਥੇ 20 ਫਰਵਰੀ ਨੂੰ ਸੀ।"

ਯੂਰੀ ਗੋਰਮੋਵ ਜਿਹੜਾ ਕਿ ਪੇਟਰੋਜੇਵੋਸਕ ਸ਼ਹਿਰ ਦਾ ਮੌਸਮ ਵਿਭਾਗ ਦਾ ਡਾਇਰੈਕਟਰ ਸੀ ਨੇ ਯੂ.ਐਫ ਓ. ਦੀ 20 ਸਤੰਬਰ ਦੀ ਪਹਿਲੀ ਫੇਰੀ ਤੋਂ ਥੋੜੇ ਸਮੇਂ ਪਿਛੋਂ ਕਿਹਾ ਕਿ ਇਸ ਨੇ ਰੋਸ਼ਨੀ ਦੀਆਂ ਸੁੰਦਰ ਕਿਰਣਾਂ ਛਡੀਆਂ।

"ਇਸ ਸਮੇਂ ਦੇ ਦੌਰਾਨ ਮੁਖ ਵਸਤੂ ਨੇ ਹੌਲੀ ਹੌਲੀ ਚਮਰ ਚੱਕਰ ਦੇ ਸਮਾਨ ਸ਼ਕਲ ਅਖਤਿਆਰ ਕੀਤੀ ਜਿਹੜੀ ਕਿ ਵਿਚਕਾਰੋਂ ਗੁਲਾਬੀ ਲਾਲ ਸੀ ਅਤੇ ਕਿਨਾਰੇ ਤੋਂ ਚਿੱਟੀ ਸੀ। ਇਹ ਝੀਲ ਉਨੇਗਾ ਦੇ ਬੱਦਲਾਂ ਵਲ ਵਧੀ ਅਤੇ ਇਸ ਵਿਚ ਇਕ ਲਾਲ ਛੇਕ ਬਲ ਰਿਹਾ ਸੀ ਫੇਰ ਇਹ ਅਲੋਪ ਹੋ ਗਈ।"

ਗਰੋਮੋਵ ਨੇ ਅਗੇ ਕਿਹਾ ਕਿ ਇਸ ਹਿਸੇ ਵਿਚ ਉਸ ਸਮੇਂ ਕੋਈ ਜਹਾਜ਼ ਜਾਂ ਹੈਲੀਕਾਪਟਰ ਨਹੀਂ ਉੱਡ ਰਿਹਾ ਸੀ। ਮੌਸਮ ਚੰਗਾ ਸੀ, ਅਸਮਾਨ ਸਾਫ ਸੀ ਅਤੇ ਵਸਤੂ ਗੇਂਦ ਦੀ ਤਰ੍ਹਾਂ ਚਮਕ ਰਹੀ ਸੀ।

ਹੈਲਸਿੰਕੀ ਦੀ ਸੰਯੁਕਤ ਅੰਤਰਰਾਸ਼ਟਰੀ ਪ੍ਰੈਸ ਦੇ ਬੁਲਾਰੇ ਨੇ 20 ਸਤੰਬਰ ਨੂੰ ਦਸਿਆ ਕਿ ਹੈਲਸਿੰਕੀ ਪੁਲਸ ਨੇ ਰਿਪੋਰਟ ਦਿਤੀ ਹੈ ਕਿ ਰੋਸ਼ਨੀ ਦੀ ਇਕ ਚਮਕਦਾਰ ਗੇਂਦ ਸਵੇਰੇ 3-06 ਅਤੇ 3-1८ ਵਜੇ



Sri Satguru Jagjit Singh Ji Elibrary NamdhariElibrary@gmail.com

ਦੇ ਵਿਚਕਾਰ ਦੇਖੀ ਗਈ।

ਯੂ. ਪੀ. ਆਈ. ਨੇ ਦਸਿਆ ਕਿ ਇਹ ਗੇਂਦ ਉਡੀ ਅਤੇ ਪੂਰਬ ਵਲ ਨੂੰ ਚਲੀ ਗਈ। ਲੈਨਿਨਗਰਾਦ ਅਤੇ ਮਾਸਕੋ ਦੇ ਦਫਤਰਾਂ ਨੇ ਇਸ ਘਟਨਾ ਨੂੰ ਇਸ ਤਰ੍ਹਾਂ ਬਿਆਨ ਕੀਤਾ, ਕਿ ਇਹ ਅੱਗ ਦੀ ਗੇਂਦ ਇਕ ਉਪਗ੍ਰਹਿ ਹੋ ਸਕਦੀ ਹੈ ਜਿਹੜੀ ਕਿ ਧਰਤੀ ਦੇ ਵਾਯੂ-ਮੰਡਲ ਵਿਚ ਦਾਖਲ ਹੋ ਰਹੀ ਹੋਵੇ।

Azhazha ਜਿਹੜਾ ਕਿ ਰੂਸ ਦੀ ਡੁਬਕਣੀ ਕਿਸ਼ਤੀ ਦਾ ਕਮਾਂਡਰ ਰਹਿ ਚੁਕਾ ਹੈ ਨੇ 'ਇਨਕੁਆਇਰਰ' ਨੂੰ ਦਸਿਆ ਕਿ ਮੇਰੇ ਖਿਆਲ ਵਿਚ ਪੈਟਰੋਜੇਵੋਸਕ ਸ਼ਹਿਰ ਵਿਚ ਜੋ ਵੇਖਿਆ ਗਿਆ ਸੀ, ਉਹ ਜਾਂ ਤਾਂ ਯੂ. ਐਫ. ਓ. ਸੀ ਜਿਹੜਾ ਕਿ ਬੜੇ ਹੁਸ਼ਿਆਰ ਅਮਲੇ ਅਤੇ ਯਾਤਰੀਆਂ ਨੂੰ ਲਿਜਾ ਰਿਹਾ ਸੀ ਜਾਂ ਇਹ ਇਕ ਅਜਿਹੇ ਯੂ. ਐਫ. ਓ. ਦੁਆਰਾ ਪੈਦਾ ਕੀਤਾ ਗਿਆ ਸ਼ਕਤੀ ਦਾ ਖੇਤਰ ਸੀ। Azhazha ਨੇ ਅਗੇ ਦਸਿਆ ਕਿ ਜਿਉਂ ਹੀ ਸਰਕਾਰੀ ਪੜਤਾਲ ਸ਼ੁਰੂ ਹੋਈ ਤਾਂ ਭੇਦ ਭਰੀ ਗੱਲ ਪ੍ਰਤੱਖ ਹੋ ਗਈ।

ਵਸਾਈਲ ਜ਼ਖਰਚੇਂਕੋ ਜਿਹੜਾ ਕਿ ਟੈਕਨਾਲੋਜੀ ਆਫ ਯੂਥ ਰਸਾਲੇ ਦਾ ਐਡੀਟਰ ਅਤੇ ਇਕ ਖੋਜੀ ਜਿਸ ਦੇ ਸਰਕਾਰ ਨਾਲ ਨੇੜੇ ਦੇ ਸਬੰਧ ਹਨ, ਨੇ ਇਸ ਭੇਦ ਬਾਰੇ ਸਪੱਸ਼ਟ ਸਿਟਾ ਕਢਿਆ। ਉਸ ਨੇ ਦਸਿਆ ਕਿ ਅਕੈਡਮੀ ਆਫ ਸਾਇੰਸਜ਼ ਦੁਆਰਾ ਉਸ ਨੂੰ ਇਹ ਸਲਾਹ ਦਿਤੀ ਗਈ ਸੀ ਕਿ ਉਹ ਇਸ ਅਦਭੁੱਤ ਉਡਣ ਵਾਲੀ ਵਸਤੂ ਬਾਰੇ ਕੋਈ ਸਿਧਾਂਤ ਨਾ ਛਪਵਾਵੇ।

ਉਸ ਨੇ ਕਿਹਾ ਕਿ ਜਦ ਕਿ ਸਾਨੂੰ ਪਤਾ ਲਗ ਚੁਕਾ ਹੈ ਕਿ ਅਕੈਡਮੀ ਕਮਿਸ਼ਨ ਨੇ ਪਤਾ ਕਰ ਲਿਆ ਹੈ ਕਿ ਜਿਥੇ ਸ਼ੀਸ਼ੇ ਅਤੇ ਪਥਰਾਂ ਵਿਚ ਮੋਰੀਆਂ ਪੈ ਗਈਆਂ ਸਨ ਉਥੇ ਸਿੱਕੇ ਦੇ ਆਕਾਰ ਜਿੰਨੀ ਥਾਂ ਪਿਘਲ ਗਈ ਸੀ।

'ਤਾਸ' ਦੇ ਇਕ ਸੀਨੀਅਰ ਐਡੀਟਰ ਨੇ ਕਿਹਾ ਕਿ ਅਖਬਾਰ ਏਜੰਸੀ ਨੂੰ ਲਗਭਗ 1500 ਸੌ ਚਿਠੀਆਂ ਪ੍ਰਾਪਤ ਹੋਈਆਂ ਹਨ ਜਿਹਨਾਂ ਵਿਚ ਇਹ ਸਵਾਲ ਕੀਤੇ ਗਏ ਹਨ—

"ਪੈਟਰੋਜੇਵੋਸਕ ਸ਼ਹਿਰ ਵਿਚ ਠਹਿਰਨਾ ਜਾਂ ਜਾਣਾ ਕਿੰਨਾ ਕੁ ਸੁਰੱਖਿਅਤ ਹੈ?" ਇਸ ਤੋਂ ਪਹਿਲਾਂ ਕਿ 'ਤਾਸ' ਇਹਨਾਂ ਚਿੱਠੀਆਂ ਦਾ ਉਤਰ ਦੇ ਸਕੇ, ਸਰਕਾਰੀ ਪੜਤਾਲੀਆਂ ਨੇ ਇਹ ਚਿੱਠੀਆਂ ਲੈ ਲਈਆਂ ਅਤੇ ਉਹਨਾਂ ਨੇ ਅੱਖੀਂ ਵੇਖੀਆਂ ਗਵਾਹੀਆਂ ਦੀਆਂ ਰਿਪੋਰਟਾਂ ਵੀ ਲੈ ਲਈਆਂ।

ਅਲੈਕਸੀ ਜ਼ੋਲਟੋਵ ਜਿਹੜਾ ਕਿ ਰੂਸ ਦੇ ਟੰਗੂਸਕਾਈ ਮੁਹਿਮ ਦਾ ਮੁਖੀ ਅਤੇ ਪ੍ਰਸਿਧ ਭੌਤਿਕ ਵਿਗਿਆਨੀ ਹੈ, ਨੇ 1908 ਵਿਚ ਸਾਈਬੇਰੀਆ ਵਿਚ ਵਾਪਰੇ ਬਹੁਤ ਵਡੇ ਧਮਾਕੇ ਬਾਰੇ ਪੜਤਾਲ ਕੀਤੀ ਸੀ, ਨੇ ਇਨਕੁਆਇਰਰ ਨੂੰ ਦਸਿਆ ਕਿ ਮੇਰੇ ਵਿਚਾਰ ਅਨੁਸਾਰ ਇਹ ਚੀਜ਼ ਇਕ ਉਡਣ ਤਸ਼ਤਰੀ ਸੀ। ਪ੍ਰਾਪਤ ਰਿਪੋਰਟਾਂ ਅਨੁਸਾਰ ਯੂ. ਐਫ. ਓ. ਦੀ ਘਟਨਾ ਦੇ ਰੂਪ ਨੇ ਮੇਰੇ ਮਨ ਵਿਚ ਕੋਈ ਸ਼ੱਕ ਨਾ ਰਹਿਣ ਦਿਤਾ।

"ਮੈਂ ਖੁਦ ਜਾਣਦਾ ਹਾਂ ਕਿ ਇਹ ਇਕ ਯੂ.ਐਫ. ਓ. ਸੀ।" ਪ੍ਰੋਫੈਸਰ ਫੇਲਕਸ ਜ਼ਿਗਲ, ਜਿਹੜਾ ਕਿ ਯੂ. ਐਫ. ਓ. ਦੇ ਬਾਰੇ ਉਚ ਕੋਟੀ ਦਾ ਵਿਸ਼ੇਸ਼ਗ ਅਤੇ ਮਾਸਕੋ ਦਾ ਹਵਾਈ ਇੰਸਟੀਚਿਊਟ ਦਾ ਪ੍ਰੋਫੈਸਰ ਹੈ, ਇਸ ਗਲ ਤੇ ਸਹਿਮਤ ਸੀ ਕਿ ਇਹ ਵਸਤੂ ਇਕ ਯੂ. ਐਫ. ਓ. ਸੀ।

ਉਸ ਨੇ ਇਨਕੁਆਇਰਰ ਨੂੰ ਦਸਿਆ ਕਿ ਬਿਨਾਂ ਕਿਸੇ ਸ਼ੱਕ ਦੇ ਇਸ ਦੇ ਸਾਰੇ ਅੰਗ ਸਨ।



Sri Satguru Jagjit Singh Ji Elibrary NamdhariElibrary@gmail.com

# ਗੁ ਰ ਮ ਤ
# ਅਤੇ
# ਕਾਲੇ–ਨੀਲੇ ਬਸਤ੍ਰ

ਸ੍ਰੀ ਮਹਾਰਾਜ ਬੀਰ ਸਿੰਘ ਜੀ

ਸਿਖ ਪੰਥ ਵਿਚ ਭਾਵੇਂ ਗੁਰੂ ਗੋਬਿੰਦ ਸਿੰਘ ਜੀ ਤੋਂ ਪਹਿਲਾਂ ਵੀ ਕੁਝ ਇਕ ਦੋ ਸੰਪ੍ਰਦਾਯ ਚਲ ਚੁਕੀਆਂ ਸਨ ਪਰ ਬਾਦ ਵਿਚ ਬਹੁਤੀਆਂ ਚਲੀਆਂ । ਬਾਦ ਵਿਚ ਚਲੀਆਂ ਹੋਈਆਂ ਸੰਪ੍ਰਦਾਯ ਭਾਵੇਂ ਛੋਟੇ ਛੋਟੇ ਕਈ ਰੂਪ ਧਾਰਨ ਕਰ ਗਈਆਂ ਪਰ ਮੁਖ ਰੂਪ ਵਿਚ ਇਕ ਓਹ ਜਿਨ੍ਹਾਂ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣਾ ਆਖਰੀ ਗੁਰੂ ਮੰਨਿਆਂ ਅਤੇ ਗੁਰਤਾ ਉਸ ਤੋਂ ਬਾਦ ਪੰਥਗੁਰੂ ਅਤੇ ਗਰੰਥ ਗੁਰੂ ਵਿਚ ਲੀਨ ਦਸੀ ਇਸ ਸੰਪ੍ਰਦਾਯ ਵਿਚ ਅਕਾਲੀ ਨਿਹੰਗ ਨਿਰਮਲੇ ਆਦਿ ਸ਼ਾਮਲ ਹਨ । ਦੂਸਰੇ ਨਾਮਧਾਰੀ ਅਤੇ ਕੁਝ ਹਦ ਤਕ ਨਿਰੰਕਾਰੀ ਜੋ ਦੇਹਧਾਰੀ ਗੁਰੂ ਮੰਨਦੇ ਹਨ । ਨਾਮਧਾਰੀਆਂ ਅਤੇ ਨਿਰੰਕਾਰੀਆਂ ਦੇ ਗੁਰੂ ਸਿਧਾਂਤ ਵਿਚ ਇਹ ਭੇਦ ਹੈ ਕਿ ਨਾਮਧਾਰੀ ਗੁਰਬਾਣੀ ਨੂੰ ਸਰਬ ਸ੍ਰੇਸ਼ਟ ਬਾਣੀ ਮੰਨਦੇ ਹਨ, ਗਰੰਥ ਸਾਹਿਬ ਦੇ ਰੂਪ ਵਿਚ ਪ੍ਰੰਪਰਾਗਤ ਅਨੁਸਾਰ ਯੋਗ ਸਤਿਕਾਰ ਕਰਦੇ ਹਨ । ਅਤੇ ਦਸਮ ਪਾਤਸ਼ਾਹ ਤੋਂ ਬਾਦ ਗੁਰ ਗਦੀ ਦੇਹਧਾਰੀ ਦੇ ਰੂਪ ਵਿਚ ਚਲਦੀ ਮੰਨਦੇ ਹਨ ਪਰ ਨਿਰੰਕਾਰੀ ਦੇਹਧਾਰੀ ਗੁਰੂ ਮੰਨਦੇ ਹੋਏ ਵੀ ਗਰੰਥ ਸਾਹਿਬ ਜੀ ਨੂੰ ਮੰਨਦੇ ਹਨ । ਨਾਮਧਾਰੀਆਂ ਵਿਚ ਮਾਸ ਸ਼ਰਾਬ ਆਦਿ ਦੀ ਸਖਤ ਮਨਾਹੀ ਹੈ ਪਰ ਦੂਸਰੀਆਂ ਸੰਪ੍ਰਦਾਵਾਂ ਵਿਚ ਏਨੀ ਸਖਤ ਪਾਬੰਦੀ ਨਹੀਂ ।

ਸਫੈਦ (ਸ੍ਵੇਤ) ਰੰਗ ਅਤੇ ਕਾਲਾ-ਨੀਲਾ ਰੰਗ, ਇਨ੍ਹਾਂ ਦਾ ਜੁਗਾਂ ਨਾਲ ਸੰਬੰਧ, ਇਨਾਂ ਦਾ ਸੁਭਾਵ ਨਾਲ ਸੰਬੰਧ ਇਹ ਪ੍ਰੰਪਰਾ ਤੋਂ ਚਲੀ ਆ ਰਹੀ ਇਕ ਰੀਤੀ ਹੈ ਗੁਰਬਾਣੀ ਵਿਚ 'ਸਤਿਜੁਗ' ਦੇ ਸਮੇਂ ਦਾ ਪਹਿਰਾਵਾ ਸਫੈਦ ਦਸਿਆ ਹੈ । 'ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ'. (ਆਸਾ ਦੀ ਵਾਰ) ਸਿਖ ਧਰਮ ਵਿਚ ਕਾਲੇ ਨੀਲੇ ਰੰਗ ਦਾ 'ਪਹਿਰਾਵਾ ਧਾਰਨ ਕਰਨ ਵਾਲਾ ਚੰਗਾ ਨਹੀਂ ਮੰਨਿਆ ਗਿਆ । ਸ੍ਰੀ ਗੁਰੂ ਨਾਨਕ ਦੇਵ ਜੀ ਨੇ ਨੀਲੇ ਰੰਗ ਦੇ ਵਸਤ੍ਰ ਉਦੋਂ ਪਾਏ ਜਦੋਂ ਉਹਨਾਂ ਨੂੰ ਮਕੇ ਜਾਣਾ ਪਿਆ । ਭਾਈ ਗੁਰਦਾਸ ਜੀ ਨੇ ਲਿਖਿਆ ਹੈ :

ਬਾਬਾ ਫਿਰ ਮਕੇ ਗਯਾ,
ਨੀਲ ਬਸਤ੍ਰ ਧਾਰੇ ਬਨਵਾਰੀ ॥
[ਵਾਰ ੧ ਪਉੜੀ ੩੨

ਭਾਵ, ਆਪਣਾ ਪਹਿਰਾਵਾ ਛਡ ਕੇ ਦੂਸਰੇ ਧਰਮ



Sri Satguru Jagjit Singh Ji Elibrary NamdhariElibrary@gmail.com

ਦਾ ਪਹਿਰਾਵਾ ਧਾਰਨ ਕੀਤਾ ਜਿਸ ਦਾ ਰੰਗ ਨੀਲਾ ਸੀ। ਇਸ ਤੋਂ ਇਹ ਸਿਧ ਹੁੰਦਾ ਹੈ ਕਿ ਇਸਲਾਮ ਧਰਮ ਦਾ ਇਸ ਨੀਲੇ-ਕਾਲੇ ਨਾਲ ਖਾਸ ਸੰਬੰਧ ਹੈ। ਇਸੇ ਕਰਕੇ ਮੁਗਲ ਰਾਜ ਸਮੇਂ, ਜੋ ਪੁਰਸ਼ ਹਕੂਮਤ ਪਾਸ ਫਰਿਆਦੀ ਹੋ ਕੇ ਜਾਂਦਾ ਸੀ ਉਸ ਨੂੰ ਨੀਲੇ-ਕਾਲੇ ਰੰਗ ਦੇ ਲੀੜੇ ਪਾਉਣੇ ਜ਼ਰੂਰੀ ਹੁੰਦੇ ਸਨ। ਜੋ ਗੁਰੂ ਅਮਰਦਾਸ ਜੀ ਵਿਰੁਧ ਮਰਵਾਹੇ ਖਤ੍ਰੀਆਂ ਨੇ ਤਪੇ ਫਕੀਰ ਨੂੰ ਖਿੰਧੋਲਾ ਪਹਿਨਾ ਕੇ ਬਾਦਸ਼ਾਹ ਪਾਸ ਭੇਜਿਆ ਸੀ ਉਸ ਦਾ ਰੰਗ ਨੀਲਾ ਕਾਲਾ ਸੀ। ਸ੍ਰੀ ਗੁਰੂ ਰਾਮਦਾਸ ਜੀ ਨੇ ਗਉੜੀ ਦੀ ਪਹਿਲੀ ਵਾਰ ਵਿਚ ਇਸ ਬਾਰੇ ਇਉਂ ਲਿਖਿਆ ਹੈ—"ਮਲੁ ਜੂਈ ਭਰਿਆ ਨੀਲਾ ਕਾਲਾ ਖਿਧੋਲੜਾ ਤਿਨਿ ਵੇਮੁਖਿ ਵੇਮੁਖੈ ਨੋ ਪਾਇਆ।" ਆਸਾ ਦੀ ਵਾਰ ਦੇ ਸੋਲ੍ਹਵੇਂ ਸਲੋਕ ਵਿਚ ਲਿਖਿਆ ਹੈ: 'ਨੀਲ ਵਸਤ੍ਰ ਪਹਿਰ ਹੋਵਹਿ ਪਰਵਾਣੁ।' ਆਦਿ ਗਰੰਥ ਸਾਹਿਬ ਦਾ ਜੋ ਅੰਗਰੇਜ਼ੀ ਭਾਸ਼ਾ ਵਿਚ ਟੀਕਾ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਵਲੋਂ ਪ੍ਰਕਾਸ਼ਤ ਹੋ ਰਿਹਾ ਹੈ, ਜਿਸ ਦੇ ਟੀਕਾਕਾਰ ਸ: ਮਨਮੋਹਣ ਸਿੰਘ ਜੀ ਹਨ, ਓਥੇ ਤੁਕਾਂ ਦਾ ਅਰਥ ਨਾਲ ਦੀ ਨਾਲ ਪੰਜਾਬੀ ਭਾਸ਼ਾ ਵਿਚ ਵੀ ਹੈ। ਸ: ਮਨਮੋਹਣ ਸਿੰਘ ਜੀ ਨੇ ਇਨ੍ਹਾਂ ਤੁਕਾਂ ਦਾ ਅਰਥ ਇਉਂ ਕੀਤਾ ਹੈ: "ਨੀਲੇ ਕਪੜੇ ਪਹਿਨ ਕੇ ਉਹ ਮੁਸਲਮਾਨਾਂ ਦੀਆਂ ਅਖਾਂ ਵਿਚ ਮਕਬੂਲ (ਪ੍ਰਵਾਨ) ਹੋ ਜਾਂਦਾ। ਮੁਸਲਮਾਨਾਂ ਤੋਂ ਟੁਕਰ ਲੈ ਕੇ ਉਹ ਪੁਰਾਣਾਂ ਨੂੰ ਪੂਜਦਾ ਹੈ।" ਇਸ ਤੋਂ ਵੀ ਇਸ ਦੀ ਪੁਸ਼ਟੀ ਹੁੰਦੀ ਹੈ ਕਿ ਇਹ ਰੰਗ ਮੁਸਲਮਾਨਾਂ ਦਾ ਹੈ। ਗਉੜੀ ਰਾਗ ਦੀਆਂ ਅਸਟਪਦੀਆਂ ਵਿਚ ਗੁਰੂ ਨਾਨਕ ਦੇਵ ਜੀ ਨੇ ਇਕ ਤੁਕ ਲਿਖੀ ਹੈ: "ਨੀਲ ਅਨੀਲ ਅਗਹਿ ਇਕ ਠਾਈ।" ਇਥੇ 'ਨੀਲ' ਦਾ ਅਰਥ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਨੇ ਮਲੀਨ ਅਤੇ ਤਾਮਸੀ ਸੁਭਾਵ ਕੀਤਾ ਹੈ।

[ਦੇਖੋ ਮਹਾਨ ਕੋਸ਼ ਸਫਾ ੫੩੭ ਕਾਲਮ ੪

ਅਨੰਦਪੁਰ ਸਾਹਿਬ ਤੇ ਜੋ ਤੁਰਕੀ ਫੌਜਾਂ ਚੜ੍ਹ ਕੇ ਆਈਆਂ ਉਹਨਾਂ ਬਾਰੇ ਗਿਆਨੀ ਗਿਆਨ ਸਿੰਘ ਜੀ ਨੇ ਪੰਥ ਪ੍ਰਕਾਸ਼ ਵਿਚ ਲਿਖਿਆ ਹੈ: "ਕਾਰੀ ਘਟਾ ਸਮ ਆਵਤ ਭੇ ਦਿਸ ਚਾਰਨ ਤੇ ਉਮਡੇ ਬਲਕਾਰੀ॥ ਕਾਰੀ ਦੇ ਪੋਸਸ ਅੰਗ ਸਜੀ ਸਭ ਜੰਗ ਮਚਾਵਨ ਕੇ ਹਿਤਕਾਰੀ॥" ਸ੍ਰੀ ਦਸਮੇਸ਼ ਜੀ ਨੇ ਵੀ ਜ਼ਫ਼ਰਨਾਮੇ ਵਿਚ ਲਿਖਿਆ ਹੈ: 'ਬਰੰਗੇ ਮਗਸ ਸ਼ਾਹ ਪੋਸ਼ ਆਮਦਮ।' ਭਾਵ, ਮਖੀ ਰੰਗੇ ਕਾਲੀ ਪੋਸ਼ਸ਼ ਵਾਲੇ ਸਾਡੇ ਤੇ ਚੜ੍ਹ ਕੇ ਆਏ। ਇਸ ਤੋਂ ਸਾਫ਼ ਜ਼ਾਹਿਰ ਹੁੰਦਾ ਹੈ ਕਿ ਉਹ ਆਪ (ਦਸਮੇਸ਼ ਜੀ) ਕਾਲੀ-ਨੀਲੀ ਪੁਸ਼ਾਕ ਦੇ ਧਾਰਨੀ ਨਹੀਂ ਸਨ।

ਜਦ ਹਜ਼ੂਰ ਚਮਕੌਰ ਤੋਂ ਨਿਕਲੇ ਤਦ ਆਪ ਨੇ ਵੀ ਇਸ ਰੰਗ ਦੇ ਵਸਤ੍ਰ ਪਾਏ। ਉਚ ਦਾ ਪੀਰ ਕਹਿ ਕੇ ਤੁਰਕੀ ਸੈਨਾ ਵਿਚੋਂ ਬਚ ਕੇ ਨਿਕਲਣ ਦਾ ਸਾਂਗ ਵਰਤਾਇਆ। 'ਉਚ' ਦਾ ਪਹਿਲਾ ਨਾਮ ਦੇਵਗੜ੍ਹ ਸੀ ਜੋ ਰਿਆਸਤ ਬਹਾਵਲ ਪੁਰ ਵਿਚ ਦਰਿਆਓਂ ਸਤਿਲੁਜ ਦੇ ਦਖਣੀ ਕਿਨਾਰੇ ਸੀ। ਇਥੋਂ ਦੇ ਹਿੰਦੂ ਰਾਜੇ ਦਾ ਰਾਜ ਖੋਹ ਕੇ ਸਯਦ ਜਲਾਲੁਦੀਨ ਬੁਖਾਰੀ ਨੇ ਕਬਜ਼ਾ ਕੀਤਾ ਅਤੇ ਇਸ ਦਾ ਨਾਉਂ ਉੱਚ ਰਖਿਆ ਹੈ। ਇਥੇ ਬਹੁਤੇ ਪੀਰਾਂ ਦੀ ਰਿਹਾਇਸ਼ ਲਿਖੀ ਹੈ। ਨਾਨਕ ਪ੍ਰਕਾਸ਼ ਵਿਚ ਇਹ ਵੀ ਲਿਖਿਆ ਹੈ " 'ਉਚ' ਜਹਾਂ ਸਯਦ ਬਹੁ ਬਾਸੀ।" ਇਸ ਤੋਂ ਏਸ ਭਾਵ ਦੀ ਪੁਸ਼ਟੀ ਹੁੰਦੀ ਹੈ ਕਿ ਨੀਲੇ ਵਸਤ੍ਰ ਗੁਰੂ ਜੀ ਦਾ ਆਪਣਾ ਪਹਿਰਾਵਾ ਨਹੀਂ ਸੀ ਬਲਕਿ ਉਹਨਾਂ ਦੇ ਵਿਰੋਧੀ, ਇਸਲਾਮ ਧਰਮ ਮੰਨਣ ਵਾਲਿਆਂ ਦਾ ਪਹਿਰਾਵਾ ਸੀ।

ਇਸੇ ਤਰ੍ਹਾਂ ਵਸਤ੍ਰ ਗੁਰੂ ਜੀ ਪਾਏ ਹੋਏ ਜਦ ਦਿਲਵੀਂ ਗਏ ਤਦ ਸੋਢੀ ਕੌਲ ਜੀ ਨੇ ਵਸਤ੍ਰ ਲਿਆ ਕੇ ਦਿਤੇ ਅਤੇ ਬੇਨਤੀ ਕੀਤੀ ਕਿ ਇਹ (ਨੀਲੇ) ਵਸਤ੍ਰ ਉਤਾਰ ਦਿਓ ਅਤੇ ਸਫੇਦ ਪਹਿਨੋ। ਕਲਗੀਧਰ ਜੀ ਨੇ ਸੋਢੀ ਜੀ ਦਾ ਬਚਨ ਮੰਨ ਲਿਆ ਅਤੇ ਨੀਲੇ ਵਸਤ੍ਰ ਉਤਾਰ ਹੀ ਨਹੀਂ ਦਿਤੇ ਬਲਕਿ ਪਾੜ ਪਾੜ ਕੇ ਫੂਕ ਦਿਤੇ। ਅਤੇ ਆਸਾ ਦੀ ਵਾਰ ਵਿਚ ਲਿਖੀ ਹੋਈ ਤੁਕ 'ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ,' ਉਲਟਾਦੀ। ਜਿਸ ਦਾ ਵਰਣਨ ਭਾਈ



Sri Satguru Jagjit Singh Ji Elibrary NamdhariElibrary@gmail.com

ਸੰਤੋਖ ਸਿੰਘ ਜੀ ਨੇ ਇਉਂ ਕੀਤਾ ਹੈ :

ਜੁਲਤ ਅੰਗੀਠਾ ਅਗਨ ਅਗਾਰੀ ।
ਨੀਲਾਂਬਰ ਲੇ ਹਾਥ ਮਝਾਰੀ ।
ਲੀਰ ਪਾੜ ਕਰ ਤਿਸਤੇ ਸਤਿਗੁਰ ।
ਸ੍ਰੀ ਮੁਖ ਤੇ ਤੁਕ ਏਵ ਉਚਰ ਕਰ ।......
ਨੀਲ ਬਸਤਰ ਲੇ ਕਪੜੇ ਫਾੜੇ,
ਤੁਰਕ ਪਠਾਣੀ ਅਮਲੁ ਗਇਆ ।
ਪਠ ਕਰ ਤਤ ਛਿਨ ਲੀਰ ਜੁ ਕਰ ਮਹਿ,
ਅਗਨ ਬਿਖੇ ਪਟ ਡਾਰ ਦਇਆ ।
ਪੁਨਹ ਪਾੜ ਕਰ ਤਿਮਹੀ ਪਠ ਕਰ
ਪਾਵਕ ਪਾਵਤ ਛਾਰ ਕਇਆ ।
ਚੀਰਤ ਚੀਰ ਕਰਤ ਲਘੁ ਲਘੁ ਕੋ
ਅਚਰਜ ਸਭਕੇ ਰਿਦੇ ਭਇਆ ।

ਤੁਕ ਉਲਟਾਉਣ ਤੇ ਸੋਢੀ ਜੀ ਨੇ ਆਖਿਆ :

ਬਿਪ੍ਰੈ ਪਠੇ ਚਾਰ ਹੂ ਬਰਣ ।
ਸ੍ਰੀ ਹਰਿ ਰਾਇ ਸੁਨੇ ਜਬ ਕਰਣ ।
ਰਾਮ ਰਾਇ ਕੋ ਤਜਾਗਯੋ ਐਸੇ ।
ਨਿਜ ਮੁਖ ਲਗਨ ਨ ਦੀਨਸਿ ਕੈਸੇ ।
ਨਹਿ ਬੈਠਾਇਸ ਗੁਰਤਾ ਗਾਦੀ
ਸ੍ਰੀ ਹਰਿ ਕ੍ਰਿਸ਼ਨ ਭਏ ਅਹਿਲਾਦੀ ।
ਤੁਮਨੇ ਸਗਰੀ ਤੁਕ ਉਲਟਾਈ ।
ਇਮ ਅਨੁਚਿਤ ਹਮ ਸਹਿ ਨ ਸਕਾਈ ।
ਸੁਨ ਕਰ ਕ੍ਰਿਪਾ ਨਿਧਾਨ ਬਖਾਨਾ ।
ਰਾਮ ਰਾਇ ਕਹਿਬੇ ਜਗ ਜਾਨਾ ।
ਕਰਨ ਤੁਰਕਕੋ ਹੇਤ ਖੁਸ਼ਾਮਦ ।
ਹਰਖਾਵਨ ਜਿਸਤੇ ਬਹੁ ਆਮਦ ।
ਸਤਿਗੁਰ ਦੀ ਤੁਕ ਤਿਨ ਉਲਟਾਈ ।
ਭਈ ਸਜਾਇ ਨ ਗੁਰਤਾ ਪਾਈ ।

ਸ੍ਰੀ ਗੁਰੂ ਜੀ ਫੁਰਮਾਇਆ :

ਹਮ ਤੋ ਇਸ ਤੁਕ ਹਿਤ ਉਲਟਾਵਨ ।
ਸਕਲ ਸਮਿਗ੍ਰੀ ਦੀਨ ਲੁਟਾਵਨ ।
ਚਾਰਹੁ ਪੂਤ ਦਏ ਇਸ ਕਾਜੂ ।
ਕੌਨ ਗਿਨੇ ਸਭ ਸਦਨ ਸਮਾਜੂ ।
ਨਾਸ ਕਰਿਓ ਸਰਬੰਸ ਸਮੇਤੇ ।
ਅਬ ਭੀ ਨਹਿ ਉਲਟਾਵਨ ਦੇਤੇ ।
ਸ੍ਰੀ ਬਾਬਾ ਨਾਨਕ ਬਚ ਭਾਖਾ ।
ਭਇਓ ਬਿਦਿਤ ਜਗ ਮਹਿ ਸਭ ਲਾਖਾ ।
ਮੁਗਲ ਪਠਾਨ ਰਾਜ ਕਰ ਕਾਲਾ ।
ਸਭ ਅਵਨੀ ਮਹਿ ਤੇਜ ਬਿਸਾਲਾ ।।
ਕਹਿਓ ਬਾਕ ਤਿਨ ਕੋ ਅਬ ਫੇਰਾ ।
ਜਿਸਤੇ ਤੁਰਕਨ ਮੂਲ ਉਖੇਰਾ ।
ਰਾਖੀ ਹਿੰਦਨ ਕੀ ਬਡਿਆਈ ।।
ਭਯੋ ਧਰਮ ਥਿਰ ਕਯੋ ਹੂੰ ਨ ਜਾਈ ।
ਪੰਥ ਖਾਲਸਾ ਉਤਪਤ ਹੋਵਾ ।
ਤੁਰਕ ਪ੍ਰਤਾਪ ਉਲਟ ਬਚ ਖੋਵਾ ।
ਇਹ ਤੁਮ ਕਹਹੁ ਭਲੀ ਕਿ ਬੁਰੀ ।
ਸੁਨਤ ਕੌਲ ਤਬ ਤੂਸ਼ਨ ਧਰੀ ।
ਪਰੀਏ ਪੂਰਬ ਸਭ ਰਿਦੇ ਬਿਚਾਰਿਓ
ਇਨ ਜਥਾਰਥ ਬਾਕ ਉਚਾਰਿਓ ।
ਪਰ ਉਪਕਾਰ ਹੇਤ ਕ੍ਰਿਤ ਐਸੇ ।
ਕਉਨ ਸਹੈ ਸੰਕਟ ਇਮ ਕੈਸੇ ।
ਸਭ ਸੁਤ ਹਰਨ ਸਮਾਜ ਲੁਟਾਵਨ ।
ਕਉਨ ਕਰੈ ਏਤੋ ਦੁਖ ਪਾਵਨ ।
ਏਹ ਬਰ ਬੀਰ ਧੀਰ ਬਡ ਧਾਰੀ ।
ਦੇ ਸਰਬੰਸ ਪ੍ਰੀਤ ਨਹਿ ਹਾਰੀ ।
ਤੁਰਕ ਤੋਮ ਕੀ ਜਰਾ ਉਖਾਰੀ ।
ਜਿਨ ਪਤਿਸ਼ਾਹਿਤ ਜਗਤ ਸੰਭਾਰੀ ।
ਇਨ ਕੀ ਕ੍ਰਿਤ ਸੁ ਇਨ ਹੂੰ ਬਨੈ ।
ਧੰਨ ਹੋਇ ਜਗ ਮਹਿ ਇਨ ਭਨੈ ।

[ਗੁਰਪ੍ਰਤਾਪ ਸੂਰਜ ਐਨ ੧ ਅੰਸੂ ੫

ਨੀਲੇ ਰੰਗ ਦੇ ਵਸਤਰਾਂ ਦੇ ਧਾਰਨੀ ਕੌਣ ਸਨ ਜਿਨ੍ਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਨ ਨਾਲ ਪਾਤਸ਼ਾਹੀ ਮਿਲੀ । ਨੀਲੇ ਵਸਤਰ ਫੂਕ ਕੇ ਤੁਕ ਉਲਟਾਈ ਅਤੇ ਸੋਢੀ ਕੌਲ ਜੀ ਦੇ ਪ੍ਰਸ਼ਨਾਂ ਦਾ ਉਤਰ



Sri Satguru Jagjit Singh Ji Elibrary NamdhariElibrary@gmail.com

ਦਿਤਾ। ਇਹ ਸਾਰਾ ਕੁਛ ਉਪ੍ਰੋਕਤ ਪੰਕਤੀਆਂ ਵਿਚੋਂ ਧਿਆਨ ਨਾਲ ਪੜ੍ਹਨ ਤੇ ਪਤਾ ਲਗਦਾ ਹੈ। ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ ਨੇ ਵੀ ਇਸ ਘਟਨਾ ਦਾ ਵਰਣਨ ਕਰਦਿਆਂ ਹੋਇਆਂ ਇਉਂ ਲਿਖਿਆ ਹੈ :

"ਨੀਲੇ ਫਾੜ ਚਿਟੇ ਵਸਤ੍ਰ ਪਹਿਨ ਗੁਰੂ ਜੀ,
ਗੁਰੂ ਗ੍ਰੰਥ ਦੀ ਤੁਕ ਪਲਟਾਈ ਓਥੇ।"

ਅਜੇ ਵੀ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਿਖ ਅਖਵਾਉਣ ਅਤੇ ਨੀਲੇ-ਕਾਲੇ ਰੰਗ ਦੇ ਬਸਤਰ ਪਹਿਰਨ, ਤਦ ਇਸ ਦਾ ਭਾਵ ਇਹ ਹੈ ਕਿ ਗੁਰੂ ਜੀ ਦੇ ਸਰਬੰਸ ਕੁਰਬਾਨ ਕਰ ਦੇਣ ਦੀ ਉਹਨਾਂ ਦੇ ਮਨ ਵਿਚ ਕੋਈ ਕੀਮਤ ਨਹੀਂ।

ਸ੍ਰੀ ਗੁਰੂ ਜੀ ਨੇ ਸ੍ਰੀ ਦਸਮ ਗ੍ਰੰਥ ਵਿਚ ਰੁਦ੍ਰ ਅਵਤਾਰ ਪਾਰਸ ਨਾਥ ਦੀ ਕਥਾ ਲਿਖਦਿਆਂ ਜਿਥੇ ਬਿਬੇਕ (ਵਿਚਾਰਵਾਨ) ਅਤੇ ਅਬਿਬੇਕ (ਵਿਚਾਰ ਰਹਿਤ) ਦੇ ਪਰਸੰਗ ਦਾ ਵਰਣਨ ਕੀਤਾ ਹੈ ਉਥੇ ਅਬਿਬੇਕ ਦੇ ਰਥ ਵਸਤਰਾਂ ਆਦਿਕ ਸਭਨਾਂ ਦਾ ਰੰਗ ਕਾਲਾ ਲਿਖਿਆ ਹੈ :

ਅਸਿਤ* ਬਰਣ ਅਬਿਬੇਕ
ਅਸਿਤ ਬਾਜੀਰਥ ਸੋਭਤ।
ਅਸਿਤ ਬਸਤਰ ਤਿਹ ਅੰਗ
ਨਿਰਖ ਨਾਰੀ ਨਰ ਲੋਭਤ॥
ਅਸਿਤ ਸਾਰਥੀ ਅਗਰ
ਅਸਿਤ ਆਭਰਨ ਰਥੋਤਮ।
ਅਸਿਤ ਧਨੁਖ ਕਰ ਅਸਿਤ ਧੁਜਾ
ਜਾਨਕ ਪੁਰਖੋਤਮ।
ਇਹ ਛਬ ਨਰੇਸ ਅਬਿਬੇਕ ਨ੍ਰਿਪ
ਜਗਤ ਜਯੰਕਰ ਮਾਨੀਯੈ।
ਅਨਜਿਤ ਜਾਸ ਕਹਨਾਤ ਜੋ
ਕ੍ਰਿਸਨ ਰੂਪ ਤਿਹ ਜਾਨੀਯੈ।

ਅਬਿਬੇਕ ਦਾ ਅਸਰ ਏਨਾਂ ਹੈ ਕਿ ਅਜ ਕਲ੍ਹ ਕਈ ਪ੍ਰਚਾਰਕ ਦਸਮੇਸ਼ ਜੀ ਦੀ ਸਵਾਰੀ ਵਾਲੇ ਘੋੜੇ ਨੂੰ 'ਨੀਲਾ' ਆਖ ਦਿੰਦੇ ਹਨ। ਘੋੜੇ ਰਖਣ ਵਾਲਿਆਂ ਨੂੰ ਪਤਾ ਹੈ ਕਿ ਘੋੜਾ ਨੀਲੇ ਰੰਗ ਦਾ ਨਹੀਂ ਹੁੰਦਾ। 'ਨੀਲੇ' ਦਾ ਅਰਥ ਕਥਾ ਹੈ।

[ਦੇਖੋ ਮਹਾਨ ਕੋਸ਼ ਸਫਾ ੫੩੭ ਕਾਲਮ ੪

ਉਪ੍ਰੋਕਤ ਪ੍ਰਮਾਣਾਂ ਤੋਂ ਇਹ ਬਿਲਕੁਲ ਨਿਰਣਾ ਹੋ ਜਾਂਦਾ ਹੈ ਕਾਲਾ-ਨੀਲਾ ਰੰਗ ਸਿਖ ਧਰਮ ਦੇ ਵਿਰੁਧ ਹੈ ਸਤਿਜੁਗੀ ਬਾਣਾ ਨਹੀਂ ਅਤੇ ਵਿਚਾਰ ਹੀਨ ਪੁਰਸ਼ਾਂ ਦਾ ਭੇਸ ਹੈ।

ਸੁਣਨ ਵਿਚ ਵੀ ਆਇਆ ਹੈ ਕਿ ਨਨਕਾਣੇ ਸਾਹਿਬ ਗੁਰਦਵਾਰੇ ਤੇ ਕਬਜ਼ਾ ਕਰਨ ਵਾਲੇ ਜੋ ਸਿਖ ਉਥੋਂ ਦੇ ਕਾਬਜ਼ਾਂ ਵਲੋਂ ਮਾਰ ਦਿਤੇ ਗਏ। ਉਹਨਾਂ ਦੇ ਸੋਗ ਵਿਚ ਨੀਲੇ ਜਾਂ ਕਾਲੇ ਰੰਗ ਦੇ ਦਸਤਾਰੇ ਪਹਿਲਾਂ ਪਹਿਲ ਸਜਾਏ ਗਏ। ਸੋਗ ਦਾ ਵਿਖਾਵਾ ਕਰਨਾ ਵੀ ਸਿਖ ਧਰਮ ਵਿਰੁਧ ਹੈ ਪਰ ਜੇ ਇਹ ਜ਼ਰੂਰੀ ਕਰਨਾ ਵੀ ਸੀ ਤਦ ਪੰਜ-ਦਸ ਦਿਨ ਕਰਨ ਤੋਂ ਬਾਅਦ ਛਡ ਦੇਣਾ ਚਾਹੀਦਾ ਸੀ। ਪਰ ਇਸ ਦੇ ਉਲਟ ਇਸ ਰੰਗ ਦੇ ਵਸਤ੍ਰ ਪਹਿਰਨ ਵਾਲਿਆਂ ਦੀ ਇਕ ਸੰਪਰਦਾਯ ਚਲਾ ਦਿਤੀ ਅਤੇ ਅਨਜਾਣ ਭੋਲੇ ਭਾਲੇ ਸਿਖਾਂ ਨੂੰ ਇਹ ਨਿਸਚਾ ਕਰਵਾ ਦਿਤਾ ਗਿਆ ਕਿ ਕਾਲਾ-ਨੀਲਾ ਰੰਗ ਵੀ ਸਿਖ ਧਰਮ ਦਾ ਇਕ ਚਿਨ੍ਹ ਹੈ। ਕਈ ਦਸਤਾਰ ਨੀਲੀ ਨਹੀਂ ਬੰਨਦੇ ਪਰ ਕ੍ਰਿਪਾਨ ਗਾਤਰੇ ਪਾਉਂਦੇ ਹਨ ਅਤੇ ਉਸ ਦਾ ਗਾਤਰਾ ਨੀਲੇ ਰੰਗ ਦਾ ਬਣਵਾ ਲੈਂਦੇ ਹਨ।

ਪਾਠਕ ਇਹਨਾਂ ਸਤਰਾਂ ਨੂੰ ਵਿਰੋਧ ਦ੍ਰਿਸਟੀ ਨਾਲ ਨਾ ਪੜ੍ਹਨ ਬਲਕਿ ਉਪਰ ਦਿਤੇ ਹੋਏ ਹਵਾਲਿਆਂ ਤੇ ਧੀਰਜ ਨਾਲ ਵੀਚਾਰ ਕਰਨ ਅਤੇ ਅਸਲੀਅਤ ਸੁਣਨ ਵਾਲਿਆਂ ਅਤੇ ਹੋਰਨਾਂ ਤਕ ਪਹੁੰਚਾਉਣ।

*ਕਾਲਾ ਰਗ



Sri Satguru Jagjit Singh Ji Elibrary NamdhariElibrary@gmail.com

# ਮਹਾਂ ਪੁਰਸ਼

## (ਲੜੀਵਾਰ)

ਮਹਾਂ ਪੁਰਸ਼ਾਂ ਦੀ ਸੰਗਤ ਦਾ ਸੁਭਾਗ ਮਹਾਨ ਉੱਤਮ ਭਾਗਾਂ ਦੀ ਨਿਸ਼ਾਨੀ ਹੈ। ਇਹ ਸੁਭਾਗ ਹਰ ਕਿਸੇ ਨੂੰ ਪ੍ਰਾਪਤ ਨਹੀਂ ਹੋ ਸਕਦਾ। ਸੱਚ ਮੁੱਚ ਹੀ ਉਹ ਵਿਅਕਤੀ ਧੰਨਤਾ ਦੇ ਯੋਗ ਹਨ ਜਿਨ੍ਹਾਂ ਉੱਪਰ ਮਹਾਂ ਪੁਰਸ਼ਾਂ ਦੀ ਕ੍ਰਿਪਾ-ਦ੍ਰਿਸ਼ਟੀ ਦਾ ਸੰਚਾਰ ਹੁੰਦਾ ਹੈ। ਅਜ ਕਲ ਦੇ ਇਸ ਸੜ ਬਲ ਰਹੇ ਸੰਸਾਰ ਵਿਚ, ਵਿਰਲੇ ਹੀ ਪ੍ਰਾਣੀ ਹੋਣਗੇ ਜਿਹੜੇ 'ਕਾਮ ਕ੍ਰੋਧ ਤੇ ਲੋਭ ਮੋਹ ਹੰਕਾਰ ਦੇ ਮਾਰੂ ਹਮਲਿਆਂ ਤੋਂ ਬਚਕੇ, ਆਪਣੇ ਆਪਨੂੰ ਪ੍ਰਭੂ ਪ੍ਰਮੇਸ਼ੁਰ ਦੀ ਭਗਤੀ ਨਾਲ ਜੋੜ ਸਕਣ। ਕਲਿਜੁਗੀ ਹਮਲਿਆਂ ਤੋਂ ਬਚਣ ਦਾ ਇਕੋ ਇਕ ਸਾਧਨ ਕੇਵਲ ਮਹਾਂ ਪੁਰਸ਼ਾਂ ਦੀ ਸੰਗਤ ਹੈ। ਕਲਿਜੁਗੀ ਭਾਂਬੜਾਂ ਦੀ ਤਪਸ਼ ਨੂੰ ਕੇਵਲ ਮਹਾਂ ਪੁਰਸ਼ ਹੀ ਸ਼ਾਂਤ ਕਰ ਸਕਦੇ ਹਨ। ਇਸ ਲਈ ਮਹਾਂ ਪੁਰਸ਼ ਦੇ ਸਹੀ ਲਖਸ਼ ਨੂੰ ਸਮਝਣ ਲਈ, ਗੁਰਮਤਿ ਦੇ ਵਿਚਾਰਾਂ ਨੂੰ ਅਨੁਭਵ ਕਰਨਾ ਜ਼ਰੂਰੀ ਹੈ।

ਮਹਾਂ ਪੁਰਸ਼ ਦੋ ਸ਼ਬਦਾਂ ਦਾ ਸਮਾਸ ਹੈ। ਪੁਰਸ਼ ਤੇ ਮਹਾਨ ਮਿਲਕੇ ਮਹਾਂ ਪੁਰਸ਼ ਬਣਦਾ ਹੈ। ਮਹਾਨ ਦਾ ਅਰਥ ਹੈ ਵੱਡਾ ਅਥਵਾ Great। ਜੇ ਸੁਗਿਆਨਕ ਸੰਕੇਤ ਵਰਤਿਆ ਜਾਵੇ ਤਾਂ ਇਸ ਦਾ ਮਤਲਬ ਇਹ ਬਣਦਾ ਹੈ ਕਿ ਮਹਾਂ ਪੁਰਸ਼ ਉਹ ਹੈ ਜੋ ਤ੍ਰਿਗੁਣ-ਅਤੀਤ ਹੋਵੇ। ਅਜੇਹੇ ਵਯਕਤੀ ਨੂੰ Superman ਵੀ ਕਿਹਾ ਜਾ ਸਕਦਾ ਹੈ। ਸੋ ਜੋ ਪੁਰਸ਼ ਪ੍ਰਕ੍ਰਿਤੀ ਦੇ ਬੰਧਨਾਂ ਤੋਂ ਪਰੇ ਹੈ ਅਤੇ ਪਰਮਾਰਥ ਸਿੱਧੀ ਕਰ ਚੁੱਕਾ ਹੈ, ਉਹੀ ਮਹਾਂ ਪੁਰਸ਼ ਹੈ। ਮਹਾਂ ਪੁਰਸ਼ ਦੇ ਲੱਛਣ ਹੈਰਾਨ ਕਰ ਦੇਣ ਵਾਲੇ ਹਨ।

ਸੰਸਾਰਕ ਕਲੇਸ਼ਾਂ ਤੋਂ ਬਚਕੇ ਰਹਿਣਾ, ਸੁਖਾਲੀ ਜਿਹੀ ਗੱਲ ਨਹੀਂ। ਪ੍ਰਕ੍ਰਿਤੀ ਦੇ ਬੰਧਨ ਤਾਂ ਇਤਨੇ ਤੇਜ਼ ਹਨ ਕਿ ਹਰ ਕੋਈ ਇਨ੍ਹਾਂ ਦੀ ਕੈਦ ਵਿਚ ਜਕੜਿਆ ਜਾਂਦਾ ਹੈ। ਗੁਰਮਤਿ ਨਾਮ ਅਭਿਆਸ ਕਮਾਈ ਦੀ ਲੰਬੀ ਸਾਧਨਾ ਹੀ, ਇਕੋ ਇਕ ਸਾਧਨ ਹੈ, ਜਿਸ ਨਾਲ ਸੰਸਾਰਿਕ ਝੰਬੇਲਿਆਂ ਤੇ ਹੋਰ ਮਨੁਖੀ ਕਲੇਸ਼ਾਂ ਤੋਂ ਛੁਟਕਾਰਾ ਪ੍ਰਾਪਤ ਕੀਤਾ ਜਾ ਸਕਦਾ ਹੈ।

ਦੁਨਿਆਵੀ ਬਚਨਾਂ ਵਿਚ ਗ੍ਰਿਹਸਥੀ ਮਨੁਖ ਤੇ ਮਨੁੱਖਤਾ ਦੇ ਆਦਰਸ਼ ਤੋਂ ਨੀਵਾਂ ਡਿਗ ਪੈਂਦਾ ਹੈ। ਉਹ ਆਪਣੇ ਆਪ ਲਈ ਤੇ ਸਾਧਾਰਨ ਜਨਤਾ ਲਈ ਘ੍ਰਿਣਾ ਉਪਜਾਉਣ ਦਾ ਕਾਰਨ ਬਣ ਜਾਂਦਾ ਹੈ, ਅਕਾਲ ਪੁਰਖ ਨੇ ਇਸਨੂੰ ਇਨੀ ਸਮਰਥਾ ਜ਼ਰੂਰ ਦਿਤੀ ਹੈ ਕਿ ਖਾਸ ਯਤਨਾਂ ਦਵਾਰਾ, ਇਹ ਆਪਣੇ ਆਪ ਨੂੰ ਇਨਾ ਉੱਚਾ ਚੁੱਕ ਸਕੇ ਕਿ ਆਮ ਜਨਤਾ ਇਸ ਨੂੰ ਘ੍ਰਿਣਾ ਦੀ ਥਾਂ, ਪ੍ਰੇਮ ਤੇ ਸਤਿਕਾਰ ਦੀਆਂ ਅੱਖਾਂ ਨਾਲ ਵੇਖਣ ਲੱਗ



Sri Satguru Jagjit Singh Ji Elibrary NamdhariElibrary@gmail.com

ਪਵੇ। ਜੇਕਰ ਇਹ ਐਸਾ ਨਾ ਕਰੇ ਤਾਂ ਇਸਦੀ ਅਵਸਥਾ ਹੋਰ ਭੈੜੀ ਤੋਂ ਭੈੜੀ ਹੁੰਦੀ ਜਾਂਦੀ ਹੈ।

ਜਿਵੇਂ ਅਗਨੀ ਇਕ ਅਤੀ ਸੁੰਦਰ ਅਟਾਰੀ ਜਾਂ ਅਲੀਸ਼ਾਨ ਇਮਾਰਤ ਨੂੰ, ਅੱਖ ਦੇ ਇਕੋ ਫਰਕਾਰੇ ਵਿਚ, ਸਾੜਕੇ ਸੁਆਹ ਕਰ ਦਿੰਦੀ ਹੈ, ਇਸੇ ਤਰ੍ਹਾਂ ਮਨੁੱਖ ਅਵਿਦਿਆਂ ਦੇ ਭਾਂਬੜਾਂ ਵਿਚ ਦਗਧ ਹੋ ਕੇ, ਮਨੁੱਖ ਪੁਣੇ ਤੋਂ ਕਿਤੇ ਪਰੇਡੇ ਜਾ ਡਿਗਦਾ ਹੈ। ਇਸ ਦੁਖਾਂ ਭਰੀ ਦਸ਼ਾ ਤੋਂ ਬਚਣ ਲਈ, ਗੁਰਬਾਣੀ ਦੀ ਓਟ ਤੇ ਮਹਾਂ ਪੁਰਸ਼ਾਂ ਦੀ ਸੰਗਤ ਹੀ ਸਹਾਈ ਹੁੰਦੀ ਹੈ। ਹੋਰ ਸਾਰੇ ਆਸਰੇ ਬੇਅਸਰ ਹਨ।

